Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 75 Thursday, April 15, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਫੋਰਡ ਸਰਕਾਰ ਵੱਲੋਂ ਕੋਵਿਡ-19 ਹੌਟ ਸਪੌਟਸ ਦੀ ਚੋਣ ਕਰਨ ਉੱਤੇ ਐਨਡੀਪੀ ਨੇ ਉਠਾਇਆ ਇਤਰਾਜ਼



ਓਨਟਾਰੀਓ, 14 ਅਪ੍ਰੈਲ (ਪੋਸਟ ਬਿਊਰੋ): ਐਨਡੀਪੀ ਵੱਲੋਂ ਆਡੀਟਰ ਜਨਰਲ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਉਹ ਇਹ ਪਤਾ ਲਾਉਣ ਲਈ ਜਾਂਚ ਕਰਵਾਉਣ ਕਿ ਫੋਰਡ ਸਰਕਾਰ ਵੱਲੋਂ ਕੁੱਝ ਕੋਵਿਡ-19 ਹੌਟਸਪੌਟਸ ਤੈਅ ਕਰਨ ਲਈ ਕੁੱਝ ਪੋਸਟਲ ਕੋਡ ਜੋਨਜ਼ ਦੀ ਚੋਣ ਕਿਵੇਂ ਕੀਤੀ ਗਈ।

ਇਹ ਬੇਨਤੀ ਉਸ ਸਮੇਂ ਕੀਤੀ ਗਈ ਜਦੋਂ ਇਸ ਹਫਤੇ ਦੇ ਸ਼ੁਰੂ ਵਿੱਚ ਸੀ ਬੀ ਸੀ ਦੀ ਇੱਕ ਰਿਪੋਰਟ ਵਿੱਚ ਇਹ ਖੁਲਾਸਾ ਕੀਤਾ ਗਿਆ ਕਿ ਪੰਜ ਤੈਅ ਕੀਤੇ ਗਏ ਹੌਟਸਪੌਟਸ ਵਿੱਚ ਕੋਵਿਡ-19 ਮਾਮਲਿਆਂ ਦੀ ਗਿਣਤੀ, ਲੋਕਾਂ ਦੇ ਹਸਪਤਾਲ ਦਾਖਲ ਹੋਣ ਦੀ ਦਰ ਤੇ ਮੌਤ ਦਰ ਪ੍ਰੋਵਿੰਸ਼ੀਅਲ ਔਸਤ ਨਾਲੋਂ ਘੱਟ ਹੈ। ਇਨ੍ਹਾਂ ਪੰਜਾਂ ਵਿੱਚ ਚਾਰ ਹਲਕੇ ਅਜਿਹੇ ਹਨ ਜਿਨ੍ਹਾਂ ਵਿੱਚ ਕੰਜ਼ਰਵੇਟਿਵ ਐਮਪੀਪੀਜ਼ ਦਾ ਦਬਦਬਾ ਹੈ।

ਡਾਟਾ ਦਾ ਅੱਗੇ ਮੁਲਾਂਕਣ ਕਰਨ ਉੱਤੇ ਸਾਹਮਣੇ ਆਇਆ ਕਿ ਕੋਵਿਡ-19 ਕਾਰਨ ਸੱਭ ਤੋਂ ਵੱਧ ਪ੍ਰਭਾਵਤ ਸੱਤ ਪੋਸਟਲ ਕੋਡ ਜੋਨਜ਼ ਅਜਿਹੇ ਹਨ ਜਿਨ੍ਹਾਂ ਨੂੰ ਹੌਟ ਸਪੌਟਸ ਦਾ ਦਰਜਾ ਹੀ ਹਾਸਲ ਨਹੀਂ ਹੈ। ਇਹ ਸਾਰੇ ਵਿਰੋਧੀ ਧਿਰਾਂ ਨਾਲ ਸਬੰਧਤ ਹਲਕੇ ਹਨ। ਇਹ ਸੱਤ ਪੋਸਟਲ ਕੋਡਜ਼ ਓਟਵਾ, ਨਾਇਗਰਾ, ਹੈਮਿਲਟਨ ਤੇ ਵਿੰਡਸਰ ਐਸੈਕਸ ਵਿੱਚ ਮੌਜੂਦ ਹਨ। ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਡੀਟਰ ਜਨਰਲ ਬੌਨੀ ਲਿਸਿਕ ਨੂੰ ਲਿਖੇ ਇੱਕ ਪੱਤਰ ਵਿੱਚ ਇਹ ਮੰਗ ਕੀਤੀ ਹੈ ਕਿ ਉਹ ਇਸ ਗੱਲ ਦਾ ਮੁਲਾਂਕਣ ਕਰਵਾਉਣ ਕਿ ਕਿਹੜੇ ਡਾਟਾ ਦੇ ਆਧਾਰ ਉੱਤੇ ਸਰਕਾਰ ਨੇ ਕੁੱਝ ਖਾਸ ਇਲਾਕਿਆਂ ਨੂੰ ਹੀ ਵੈਕਸੀਨ ਸਬੰਧੀ ਤਰਜੀਹ ਦੇਣ ਦਾ ਫੈਸਲਾ ਕੀਤਾ ਹੈ।

ਹੌਰਵਥ ਨੇ ਇਹ ਵੀ ਆਖਿਆ ਕਿ ਹੁਣ ਵੈਕਸੀਨ ਦੀ ਵੰਡ ਪਬਲਿਕ ਹੈਲਥ ਨਾਲੋਂ ਸਿਆਸਤ ਦਾ ਮੁੱਦਾ ਵਧੇਰੇ ਰਹਿ ਗਿਆ ਹੈ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਅਸਲੀ ਹੌਟਸਪੌਟਸ ਦੀ ਵੰਡ ਇਤਿਹਾਸਕ ਡਾਟਾ ਤੇ ਕੇਸਾਂ ਦੇ ਵੱਧ ਰਹੇ ਮਾਮਲਿਆਂ ਦੇ ਨਾਲ ਨਾਲ ਮਰੀਜ਼ਾਂ ਨੂੰ ਹਸਪਤਾਲ ਦਾਖਲ ਕਰਵਾਉਣ ਦੇ ਰੁਝਾਨ ਵਿੱਚ ਵੀ ਵਾਧਾ ਦਰਜ ਕੀਤਾ ਗਿਆ।

## ਅਮਰੀਕਾ ਵਿਚ ਰੋਕ ਲਾਏ ਜਾਣ ਦੇ ਬਾਵਜੂਦ ਜੌਹਨਸਨ ਐਂਡ ਜੌਹਨਸਨ ਵੈਕਸੀਨ ਹਾਸਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਫੈਡਰਲ ਸਰਕਾਰ



ਓਟਵਾ, 14 ਅਪਰੈਲ (ਪੋਸਟ ਬਿਊਰੋ) : ਫੈਡਰਲ ਪ੍ਰੋਕਿਓਰਮੈਂਟ ਮੰਤਰੀ ਦਾ ਕਹਿਣਾ ਹੈ ਕਿ ਸਰਕਾਰ ਕਈ ਮਿਲੀਅਨ ਜੌਹਨਸਨ ਐਂਡ ਜੌਹਨਸਨ ਡੋਜ਼ਾਂ ਹਾਸਲ ਕਰਨ ਲਈ ਪੂਰੀ ਤਿਆਰ ਹੈ ਜਿਹੜੀਆਂ ਉਸ ਨੇ ਖਰੀਦੀਆਂ ਹਨ। ਹੈਲਥ ਕੈਨੇਡਾ ਦਾ ਮੰਨਣਾ ਹੈ ਕਿ ਇਹ ਵੈਕਸੀਨ ਵਰਤੋਂ ਲਈ ਪੂਰੀ ਤਰ੍ਹਾਂ ਸੇਫ ਤੇ ਅਸਰਦਾਰ ਹੈ।

ਹਾਊਸ ਆਫ ਕਾਮਨਜ਼ ਕਮੇਟੀ ਵਿੱਚ ਜਦੋਂ ਇਹ ਪੁੱਛਿਆ ਗਿਆ ਕਿ ਟੀਕਾਕਰਣ ਤੋਂ ਬਾਅਦ ਬਲੱਡ ਕਲੌਟਸ ਦੇ ਰਿਸਕ ਨੂੰ ਵੇਖਦਿਆਂ ਹੋਇਆਂ ਕੀ ਸਪਲਾਇਅਰ ਕੋਲੋਂ ਕਾਂਟਰੈਕਟ ਰੱਦ ਕਰ ਦੇਣਾ ਚਾਹੀਦਾ ਹੈ ਤਾਂ ਮੰਤਰੀ ਅਨੀਤਾ ਆਨੰਦ ਨੇ ਆਖਿਆ ਕਿ ਸਰਕਾਰ ਰੈਗੂਲੇਟਰੀ ਬੌਡੀ ਦੀ ਸਲਾਹ ਹੀ ਮੰਨ ਰਹੀ ਹੈ।ਉਨ੍ਹਾਂ ਆਖਿਆ ਕਿ ਹੈਲਥ ਕੈਨੇਡਾ ਦਾ ਮੰਨਣਾ ਹੈ ਕਿ ਜੇ ਐਂਡ ਜੇ, ਐਸਟ੍ਰਾਜ਼ੈਨੇਕਾ, ਫਾਈਜ਼ਰ ਤੇ ਮੌਡਰਨਾ ਸੇਫ ਤੇ ਸੁਰੱਖਿਅਤ ਹਨ। ਨਤੀਜੇ ਵਜੋਂ ਅਸੀਂ ਇਨ੍ਹਾਂ ਵੈਕਸੀਨਜ਼ ਦੀ ਖਰੀਦ ਜਾਰੀ ਰੱਖਾਂਗੇ।

ਜ਼ਿਕਰਯੋਗ ਹੈ ਕਿ ਜੌਹਨਸਨ ਐਂਡ ਜੌਹਨਸਨ ਵੈਕਸੀਨ ਨੂੰ 5 ਮਾਰਚ ਤੋਂ ਕੈਨੇਡਾ ਵਿੱਚ ਵਰਤੋਂ ਲਈ ਮਨਜ਼ੂਰੀ ਦਿੱਤੀ ਗਈ ਸੀ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਸਰਕਾਰ ਅਜੇ ਵੀ ਇਸ ਵੈਕਸੀਨ ਦੀ ਪਹਿਲੀ ਖੇਪ ਦਾ ਇੰਤਜ਼ਾਰ ਕਰ ਰਹੀ ਹੈ। ਮੰਗਲਵਾਰ ਨੂੰ ਹੈਲਥ ਕੈਨੇਡਾ ਨੇ ਆਖਿਆ ਕਿ ਅਮਰੀਕਾ ਵਿੱਚ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਤੇ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਨਸ਼ਨ ਵੱਲੋਂ ਇਸ ਵੈਕਸੀਨ ਦੀ ਵਰਤੋਂ ਉੱਤੇ ਰੋਕ ਲਾ ਦਿੱਤੇ ਜਾਣ ਦੀ ਕਾਰਵਾਈ ਉੱਤੇ ਵੀ ਉਹ ਨਜ਼ਰ ਰੱਖ ਰਹੇ ਹਨ। ਇਸ ਵੈਕਸੀਨ ਦੇ ਟੀਕਾਕਰਣ ਤੋਂ ਬਾਅਦ ਬਲੱਡ ਕਲੌਟਸ ਬਣਨ ਦੀ ਗੱਲ ਸਾਹਮਣੇ ਆਉਣ ਮਗਰੋਂ ਰੈਗੂਲੇਟਰਜ਼ ਇਸ ਦਾ ਮੁਲਾਂਕਣ ਕਰ ਰਹੇ ਹਨ।

## ਦਾਂਤੇ ਰਾਈਟ ਨੂੰ ਮਾਰਨ ਦੇ ਸਬੰਧ ਵਿੱਚ ਸਾਬਕਾ ਮਿਨੀਸੋਟਾ ਪੁਲਿਸ ਅਧਿਕਾਰੀ ਨੂੰ ਕੀਤਾ ਗਿਆ ਚਾਰਜ



ਬਰੁੱਕਲਿਨ ਸੈਂਟਰ, ਮਿਨੀਸੋਟਾ, 14 ਅਪਰੈਲ (ਪੋਸਟ ਬਿਊਰੋ) : ਮਿਨੀਆਪੋਲਿਸ ਪੁਲਿਸ ਦੀ ਸਾਬਕਾ ਅਧਿਕਾਰੀ ਨੂੰ ਬੁੱਧਵਾਰ ਨੂੰ ਸਿਆਹ ਨਸਲ ਦੇ 20 ਸਾਲਾ ਮੋਟਰਿਸਟ ਦਾਂਤੇ ਰਾਈਟ ਨੂੰ ਮਾਰਨ ਦੇ ਸਬੰਧ ਵਿੱਚ ਸੈਕਿੰਡ ਡਿਗਰੀ ਕਤਲ ਲਈ ਚਾਰਜ ਕੀਤਾ ਗਿਆ ਹੈ। ਇਸ ਮਾਮਲੇ ਤੋਂ ਬਾਅਦ ਇੱਕ ਵਾਰੀ ਫਿਰ ਮੁਜ਼ਾਹਰਾਕਾਰੀਆਂ ਤੇ ਪੁਲਿਸ ਦਰਮਿਆਨ ਤਣਾਅ ਤੇ ਝੜਪਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸਾਬਕਾ ਬਰੁੱਕਲਿਨ ਸੈਂਟਰ ਪੁਲਿਸ ਆਫੀਸਰ ਕਿੰਮ ਪੌਟਰ ਖਿਲਾਫ ਚਾਰਜ ਰਾਈਟ ਦੇ ਮਾਰੇ ਜਾਣ ਤੋਂ ਤਿੰਨ ਦਿਨ ਬਾਅਦ ਫਾਈਲ ਕੀਤਾ ਗਿਆ।

...ਬਾਕੀ ਪੰਨਾ 3 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

## ਟੀਚਰਜ਼, ਸਟੂਡੈਂਟ ਤੇ ਸਟਾਫ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਹਮੇਸ਼ਾਂ ਤਿਆਰ ਹਾਂ : ਅਮਰਜੋਤ ਸੰਧੂ



ਬਰੈਂਪਟਨ, 14 ਅਪ੍ਰੈਲ (ਪੋਸਟ ਬਿਊਰੋ) : ਕੋਵਿਡ-19 ਖਿਲਾਫ ਲੋਕਲ ਸਕੂਲਾਂ ਦੀ ਹਿਫਾਜ਼ਤ ਕਰਨ ਤੇ ਇਨਫਰਾਸਟ੍ਰਕਚਰ ਨੂੰ ਅਪਗ੍ਰੇਡ ਕਰਨ ਲਈ ਓਨਟਾਰੀਓ ਤੇ ਕੈਨੇਡਾ ਸਰਕਾਰ ਵੱਲੋਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਨੂੰ 41, 649,300 ਡਾਲਰ ਤੇ ਡਫਰਿਨ ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੂੰ 24,606,595 ਡਾਲਰ ਮੁਹੱਈਆ ਕਰਵਾਏ ਜਾਣਗੇ।

ਇਸ ਮੌਕੇ ਬਰੈਂਪਟਨ ਵੈਸਟ ਤੋਂ ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਅਮਰਜੋਤ ਸੰਧੂ ਨੇ ਆਖਿਆ ਕਿ ਅਗਾਂਹ ਨਿਵੇਸ਼ ਕਰਨ ਦੀ ਇਹ ਖਬਰ ਬਹੁਤ ਹੀ ਵਧੀਆ ਹੈ। ਅਸੀਂ ਆਪਣੇ ਟੀਚਰਜ਼, ਸਕੂਲ ਸਟਾਫ ਤੇ ਵਿਦਿਆਰਥੀਆਂ ਦੀ ਮਦਦ ਤੇ ਉਨ੍ਹਾਂ ਦੀ ਹਿਫਾਜ਼ਤ ਲਈ ਹਮੇਸ਼ਾਂ ਤਿਆਰ ਹਾਂ।

ਇਹ ਫੰਡ ਇਨਵੈਸਟਿੰਗ ਇਨ ਕੈਨੇਡਾ ਇਨਫਰਾਸਟ੍ਰਕਚਰ ਪ੍ਰੋਗਰਾਮ ਤਹਿਤ ਕੋਵਿਡ-19 ਰਿਲਾਇੰਸ ਇਨਫਰਾਸਟ੍ਰਕਚਰ ਸਟ੍ਰੀਮ ਰਾਹੀਂ ਮੁਹੱਈਆ ਕਰਵਾਏ ਜਾਣਗੇ। ਇਨ੍ਹਾਂ ਸਕੂਲ ਬੋਰਡਜ਼ ਨੂੰ ਦਿੱਤੀ ਜਾਣ ਵਾਲੀ ਫੰਡਿੰਗ ਨਾਲ ਸਕੂਲਾਂ ਤੇ ਨਾਲ ਲੱਗਦੀਆਂ ਚਾਈਲਡ ਕੇਅਰ ਫੈਸਿਲਿਟੀਜ਼ ਦੀਆਂ ਬਿਲਡਿੰਗਾਂ ਵਿੱਚ ਮੁਰੰਮਤ, ਅਪਡੇਟ ਤੇ ਅਪਗ੍ਰੇਡ ਕਰਨ ਦਾ ਕੰਮ ਕੀਤਾ ਜਾਵੇਗਾ।

ਇਨ੍ਹਾਂ ਨਾਲ ਸਬੰਧਤ ਪ੍ਰੋਜੈਕਟ ਵਿੱਚ ਐਚਵੀਏਸੀ ਰੈਨੋਵੇਸ਼ਨਜ਼ ਵੀ ਸ਼ਾਮਲ ਹੋ ਸਕਦੀਆਂ ਹਨ, ਜਿਨ੍ਹਾਂ ਨਾਲ ਏਅਰ ਦੇ ਮਿਆਰ ਵਿੱਚ ਸੁਧਾਰ ਹੋਵੇਗਾ, ਪੀਣ ਵਾਲੇ ਸਾਫ ਪਾਣੀ ਤੱਕ ਪਹੁੰਚ ਯਕੀਨੀ ਬਣਾਉਣ ਲਈ ਵਾਟਰ ਬੌਟਲ ਰੀਫਿਲਿੰਗ ਸਟੇਸ਼ਨਜ਼ ਨੂੰ ਇਨਸਟਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਫਿਜ਼ੀਕਲ ਡਿਸਟੈਂਸਿੰਗ ਵਿੱਚ ਵਾਧਾ ਕਰਨ ਲਈ ਨਵੀਆਂ ਕੰਧਾਂ ਤੇ ਦਰਵਾਜ਼ੇ ਲਾਉਣ ਦਾ ਕੰਮ ਵੀ ਕੀਤਾ ਜਾ ਸਕਦਾ ਹੈ।ਇਹ ਸੱਭ 2019 ਵਿੱਚ ਓਨਟਾਰੀਓ ਸਰਕਾਰ ਵੱਲੋਂ ਕੀਤੇ ਗਏ 1 ਬਿਲੀਅਨ ਡਾਲਰ ਦੇ ਨਿਵੇਸ਼ ਸਦਕਾ ਹੀ ਸੰਭਵ ਹੋ ਸਕਿਆ ਹੈ।

ਪ੍ਰੋਵਿੰਸ਼ੀਅਲ ਫੰਡਿੰਗ ਤੋਂ ਵੀ ਇਸ ਨੂੰ ਸਮਰਥਨ ਹਾਸਲ ਹੈ, ਓਨਟਾਰੀਓ ਦੇ ਕਈ ਸਕੂਲਾਂ ਵਿੱਚ ਹੁਣ ਤੱਕ ਏਅਰ ਫਿਲਟ੍ਰੇਸ਼ਨ ਸਿਸਟਮਜ਼ ਵਿੱਚ ਵਾਧਾ ਹੋਇਆ ਹੈ, 40,000 ਤੋਂ ਵੱਧ ਹੈਪਾ ਫਿਲਟਰਜ਼ ਲਾਏ ਜਾ ਚੁੱਕੇ ਹਨ ਤੇ ਇਸ ਦੇ ਨਾਲ ਹੀ ਕਲਾਸਾਂ ਵਿੱਚ ਵੈਂਟੀਲੇਸ਼ਨ ਡਿਵਾਇਸਿਜ਼ ਵੀ ਲਾਈਆਂ ਜਾ ਚੁੱਕੀਆਂ ਹਨ।ਕੈਨੇਡਾ ਸਰਕਾਰ ਵੱਲੋਂ ਇਨ੍ਹਾਂ ਪ੍ਰੋਜੈਕਟਾਂ ਵਿੱਚ 525.2 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ। ਇਨ੍ਹਾਂ ਪ੍ਰੋਜੈਕਟਾਂ ਲਈ ਓਨਟਾਰੀਓ ਸਰਕਾਰ 131.3 ਮਿਲੀਅਨ ਡਾਲਰ ਖਰਚ ਕਰੇਗੀ।

## ਬਲੱਡ ਕਲੌਟਸ ਮਾਮਲੇ ਦੀ ਜਾਂਚ ਕਰ ਰਹੀ ਹੈ ਹੈਲਥ ਕੈਨੇਡਾ

### ਅਮਰੀਕਾ ਨੇ ਜੌਹਨਸਨ ਐਂਡ ਜੌਹਨਸਨ ਵੈਕਸੀਨ ਉੱਤੇ ਰੋਕ ਲਾਈ




ਓਟਵਾ, 14 ਅਪ੍ਰੈਲ (ਪੋਸਟ ਬਿਊਰੋ) : ਆਕਸਫੋਰਡ-ਐਸਟ੍ਰਾਜ਼ੈਨੇਕਾ ਵੈਕਸੀਨ ਕਾਰਨ ਬਲੱਡ ਕਲੌਟਸ ਬਣਨ ਦਾ ਪਹਿਲਾ ਮਾਮਲਾ ਕੈਨੇਡਾ ਵਿੱਚ ਵੀ ਸਾਹਮਣੇ ਆਉਣ ਨਾਲ ਵੈਕਸੀਨ ਦੀ ਸੇਫਟੀ ਸਬੰਧੀ ਚਿੰਤਾ ਵਧ ਗਈ ਹੈ। ਬਲੱਡ ਕਲੌਟਸ ਦੇ ਛੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ ਵਿੱਚ ਵੀ ਜੌਹਨਸਨ ਐਂਡ ਜੌਹਨਸਨ ਵੈਕਸੀਨ ਉੱਤੇ ਰੋਕ ਲਾ ਦਿੱਤੀ ਗਈ ਹੈ।

ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਵੱਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਇਹ ਵੈਕਸੀਨਜ਼ ਬਿਲਕੁਲ ਸੁਰੱਖਿਅਤ ਹਨ ਪਰ ਕਈ ਮਾਮਲਿਆਂ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਨ੍ਹਾਂ ਦੇ ਆਪਣੇ ਸਾਈਡ ਇਫੈਕਟਸ ਵੀ ਹਨ। ਇਹ ਕਲੌਟਸ ਕਿਸ ਕਾਰਨ ਹੋ ਰਹੇ ਹਨ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਕੋਵਿਡ-19 ਦੀ ਤੀਜੀ ਵੇਵ ਕਾਰਨ ਵੈਕਸੀਨ ਦੀ ਸਪਲਾਈ ਵਿੱਚ ਜਿੱਥੇ ਕਮੀ ਆਈ ਹੈ ਉੱਥੇ ਹੀ ਕੋਵਿਡ-19 ਦੇ ਮਾਮਲਿਆਂ ਵਿੱਚ ਰਿਕਾਰਡ ਵਾਧਾ ਦਰਜ ਕੀਤਾ ਜਾ ਰਿਹਾ ਹੇ। ਇਸ ਸਮੇਂ ਦੁਨੀਆਂ ਭਰ ਨਾਲੋਂ ਕੈਨੇਡਾ ਵਿੱਚ ਕੋਵਿਡ-19 ਦੇ ਮਾਮਲੇ ਸੱਭ ਤੋਂ ਜ਼ਿਆਦਾ ਹਨ। ਇੱਥੇ ਹੀ ਬੱਸ ਨਹੀਂ ਇੱਥੋਂ ਦੇ ਵੱਡੀ ਗਿਣਤੀ ਮਰੀਜ਼ ਕ੍ਰਿਟੀਕਲ ਕੇਅਰ ਵਿੱਚ ਹਨ।

ਮੰਗਲਵਾਰ ਦੁਪਹਿਰ ਨੂੰ ਕਿਊਬਿਕ ਹੈਲਥ ਮੰਤਰਾਲੇ ਤੇ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਨੇ ਬਲੱਡ ਕਲੌਟਸ ਦੀ ਰਿਪੋਰਟ ਵੱਖੋ ਵੱਖਰੇ ਬਿਆਨ ਵਿੱਚ ਦਿੱਤੀ। ਮਹਿਲਾ, ਜਿਸ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ, ਨੂੰ ਭਾਰਤ ਦੇ ਸੀਰਮ ਇੰਸਟੀਚਿਊਟ ਵਿੱਚ ਤਿਆਰ ਕੀਤੀ ਗਈ ਐਸਟ੍ਰਾਜ਼ੈਨੇਕਾ ਵੈਕਸੀਨ ਦਾ ਟੀਕਾ ਕੋਵੀਸ਼ੀਲਡ ਲਾਇਆ ਗਿਆ ਸੀ। ਕਿਊਬਿਕ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਉਸ ਮਹਿਲਾ ਦੀ ਸਾਂਭ ਸੰਭਾਲ ਹੈਲਥ ਤੇ ਸੋਸ਼ਲ ਸਰਵਿਸਿਜ਼ ਨੈੱਟਵਰਕ ਵੱਲੋਂ ਕੀਤੀ ਜਾ ਰਹੀ ਹੈ। ਉਹ ਮਹਿਲਾ ਆਪਣੇ ਘਰ ਵਿੱਚ ਜੇਰੇ ਇਲਾਜ ਹੈ ਤੇ ਉਸ ਦੀ ਜਾਨ ਨੂੰ ਕੋਈ ਖਤਰਾ ਨਹੀਂ ਹੈ।

ਕਿਊਬਿਕ ਨੇ ਆਖਿਆ ਕਿ ਉਨ੍ਹਾਂ ਵੱਲੋਂ ਹੁਣ ਤੱਕ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ 185,000 ਡੋਜ਼ਾਂ ਲਾਈਆਂ ਜਾ ਚੁੱਕੀਆਂ ਹਨ ਤੇ ਇਹ ਬਲੱਡ ਕਲੌਟ ਦਾ ਪਹਿਲਾ ਮਾਮਲਾ ਹੈ।3 ਅਪਰੈਲ ਤੱਕ ਕੌਮੀ ਪੱਧਰ ਉੱਤੇ 700,000 ਡੋਜ਼ਾਂ ਦਿੱਤੀਆਂ ਜਾ ਚੁੱਕੀਆਂ ਹਨ ਤੇ ਅਜੇ ਤੱਕ ਕਲੌਟਸ ਦੀ ਕੋਈ ਹੋਰ ਰਿਪੋਰਟ ਸਾਹ-ਮਣੇ ਨਹੀਂ ਆਈ।ਪਰ ਪਿਛਲੇ ਹਫਤੇ ਯੂਰਪ ਤੇ ਯੂਨਾਈਟਿਡ ਕਿੰਗਡਮ ਵੱਲੋਂ ਦਿੱਤੇ ਗਏ 34 ਮਿਲੀਅਨ ਸ਼ੌਟਸ ਵਿੱਚ 222 ਕੇਸ ਬਲੱਡ ਕਲੌਟਸ ਦੇ ਸਾਹਮਣੇ ਆਏ ਦੱਸੇ ਗਏ।

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate -Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਸਪਲਾਈ ਦੀ ਘਾਟ ਕਾਰਨ 18 ਤੋਂ 49 ਸਾਲ ਦੇ ਲੋਕਾਂ ਦੀ ਰਜਿਸਟ੍ਰੇਸ਼ਨ ਦਾ ਕੰਮ ਰੁਕਿਆ

...ਪੰਨਾ 1 ਦਾ ਬਾਕੀ

ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਤਿੰਨ ਹੌਟ ਸਪੌਟਸ ਵਿੱਚ 18 ਤੋਂ 49 ਸਾਲ ਦਰਮਿਆਨ ਉਮਰ ਵਰਗ ਦੇ ਲੋਕਾਂ ਦੀ ਵੈਕਸੀਨੇਸ਼ਨ ਲਈ ਰਜਿਸਟ੍ਰੇਸ਼ਨ ਦਾ ਕੰਮ ਜਿਹੜਾ ਯੂਨੀਵਰਸਿਟੀ ਹੈਲਥ ਨੈੱਟਵਰਕ ਵੱਲੋਂ ਸ਼ੁਰੂ ਕੀਤਾ ਜਾਣਾ ਸੀ ਉਸ ਨੂੰ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ। ਇਹ ਫੈਸਲਾ ਸਪਲਾਈ ਦੀ ਘਾਟ ਨੂੰ ਦੇਖਦਿਆਂ ਹੋਇਆਂ ਲਿਆ ਗਿਆ ਹੈ।



ਯੂ ਐਚ ਐਨ ਨੇ ਸੋਮਵਾਰ ਨੂੰ ਆਖਿਆ ਸੀ ਕਿ ਇਸ ਉਮਰ ਵਰਗ ਦਰਮਿਆਨ ਜਿੰਨੇ ਵੀ ਲੋਕ ਐਮ 5 ਵੀ, ਐਮ 6 ਈ ਤੇ ਐਮ 6 ਐਚ ਪੋਸਟਲ ਕੋਡਜ਼ ਵਿੱਚ ਰਹਿੰਦੇ ਹਨ ਉਹ ਵੈਕਸੀਨ ਦੀ ਆਪਣੀ ਪਹਿਲੀ ਡੋਜ਼ ਲਈ ਰਜਿਸਟਰ ਕਰਵਾ ਸਕਦੇ ਹਨ। ਇੱਕ ਦਿਨ ਬਾਅਦ ਹੀ ਯੂ ਐਚ ਐਨ ਨੂੰ ਇਹ ਰਜਿਸਟ੍ਰੇਸ਼ਨ ਬੰਦ ਕਰਨੀ ਪਈ ਜਦਕਿ ਉਨ੍ਹਾਂ ਕੋਲ 21,000 ਅਰਜ਼ੀਆਂ ਆ ਚੁੱਕੀਆਂ ਸਨ।

ਭਾਵੇਂ ਯੂ ਐਚ ਐਨ ਦੀਆਂ ਸਾਈਟਸ ਕੋਲ ਇੱਕ ਹਫਤੇ ਵਿੱਚ 30,000 ਤੋਂ ਵੱਧ ਲੋਕਾਂ ਨੂੰ ਵੈਕਸੀਨੇਟ ਕਰਨ ਦੀ ਸਮਰੱਥਾ ਹੈ ਪਰ ਹੌਸਪਿਟਲ ਨੈੱਟਵਰਕ ਨੂੰ ਅਗਲੇ ਕੁੱਝ ਹਫਤਿਆਂ ਲਈ ਹਰ ਹਫਤੇ ਕੋਵਿਡ-19 ਦੀਆਂ 2000 ਡੋਜ਼ਾਂ ਹੀ ਹਾਸਲ ਹੋਣ ਦੀ ਉਮੀਦ ਹੈ। ਨਤੀਜੇ ਵਜੋਂ ਟੋਰਾਂਟੋ ਵੈਸਟਰਨ ਵਿਖੇ ਬੀਐਮਓ ਸੈਂਟਰ ਵੈਕਸੀਨੇਸ਼ਨ ਸਾਈਟ ਨੂੰ ਵੀ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾ ਰਿਹਾ ਹੈ ਜਦਕਿ ਮਾਰਸ ਵਿਖੇ ਕਲੀਨਿਕ 25 ਫੀ ਸਦੀ ਸਮਰੱਥਾ ਨਾਲ ਕੰਮ ਕਰਨਗੇ।

ਯੂ ਐਚ ਐਨ ਦਾ ਕਹਿਣਾ ਹੈ ਕਿ 18-49 ਵਰਗ ਉਮਰ ਵਰਗ ਦੇ ਲੋਕਾਂ ਦੀ ਰਜਿਸਟ੍ਰੇਸ਼ਨ ਉਸ ਸਮੇਂ ਮੁੜ ਸ਼ੁਰੂ ਹੋਵੇਗੀ ਜਦੋਂ ਵੈਕਸੀਨ ਸਪਲਾਈ ਦੀ ਪੁਸ਼ਟੀ ਹੋਵੇਗੀ।

# ਵਾਅਨ ਰੈਸਟੋਰੈਂਟ ਵਿੱਚ 105 ਲੋਕਾਂ ਦੇ ਕੋਵਿਡ-19 ਪਾਜ਼ੀਟਿਵ ਆਉਣ ਦੇ ਡਰ ਕਾਰਨ ਜਾਰੀ ਕੀਤਾ ਗਿਆ ਪਬਲਿਕ ਨੋਟਿਸ

ਟੋਰਾਂਟੋ, 14 ਅਪ੍ਰੈਲ (ਪੋਸਟ ਬਿਊਰੋ) : ਵਾਅਨ, ਓਨਟਾਰੀਓ ਵਿੱਚ ਇੱਕ ਰੈਸਟੋਰੈਂਟ ਵਿੱਚ ਪਾਜ਼ੀਟਿਵ ਸਟਾਫ ਕੇਸਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ 105 ਵਿਅਕਤੀ ਕੋਵਿਡ-19 ਦੀ ਚਪੇਟ ਵਿੱਚ ਆਏ ਹੋ ਸਕਦੇ ਹਨ। ਮੰਗਲਵਾਰ ਨੂੰ ਯੌਰਕ ਰੀਜਨ ਪਬਲਿਕ ਹੈਲਥ ਵੱਲੋਂ ਇੱਕ ਪਬਲਿਕ ਨੋਟਿਸ ਜਾਰੀ ਕਰਕੇ ਇਸਲਿੰਗਟਨ ਐਵਨਿਊ ਉੱਤੇ ਸਥਿਤ ਐਵਨਿਊ ਸਿਬੀ ਈ ਵਿਨੀ ਦੇ ਗਾਹਕਾਂ ਨੂੰ ਚੇਤਾਵਨੀ ਦਿੱਤੀ ਗਈ ਕਿ 30 ਮਾਰਚ ਤੇ ਪਹਿਲੀ ਅਪਰੈਲ ਦਰਮਿਆਨ ਉੱਥੇ ਗਏ ਲੋਕ ਕੋਵਿਡ-19 ਕਾਰਨ ਸੰਕ੍ਰਮਿਤ ਹੋ ਸਕਦੇ ਹਨ। ਨੋਟਿਸ ਵਿੱਚ ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਵੱਲੋਂ ਅੰਦਾਜ਼ਨ 105 ਹਾਈ ਰਿਸਕ ਕੌਂਟੈਕਟਸ ਦੀ ਪਛਾਣ ਕਰ ਲਈ ਗਈ ਹੈ।

ਯੌਰਕ ਰੀਜਨ ਪਬਲਿਕ ਹੈਲਥ ਵੱਲੋਂ ਹਾਈ ਰਿਸਕ ਕੌਂਟੈਕਟਸ ਨੂੰ ਲੱਭਣ ਵਿੱਚ ਦਿੱਕਤ ਆ ਰਹੀ ਹੈ ਕਿਉਂਕਿ ਉਨ੍ਹਾਂ ਦੀ ਮੁਕੰਮਲ ਜਾਣਕਾਰੀ ਉਨ੍ਹਾਂ ਕੋਲ ਨਹੀਂ ਹੈ। ਇਸੇ ਲਈ




ਪਬਲਿਕ ਨੋਟਿਸ ਜਾਰੀ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਟਾਫ ਮੈਂਬਰਜ਼ ਦੇ ਪਾਜ਼ੀਟਿਵ ਆਉਣ ਕਾਰਨ ਹੀ ਇਹ ਆਊਟਬ੍ਰੇਕ ਹੋਇਆ। ਉਨ੍ਹਾਂ ਇਹ ਨਹੀਂ ਦੱਸਿਆ ਕਿ ਸਟਾਫ ਦੇ ਕਿੰਨੇ ਮੈਂਬਰ ਪਾਜ਼ੀਟਿਵ ਆਏ।

ਯੌਰਕ ਰੀਜਨ ਪਬਲਿਕ ਹੈਲਥ ਵੱਲੋਂ ਤਿੰਨ ਦਿਨਾਂ ਦੇ ਅੰਦਰ ਇਸ ਹੋਟਲ ਵਿੱਚ ਖਾਣਾ ਖਾਣ ਵਾਲਿਆਂ ਨੂੰ ਖੁਦ ਨੂੰ 14 ਦਿਨਾਂ ਲਈ ਆਈਸੋਲੇਟ ਕਰਨ ਲਈ ਆਖਿਆ ਜਾ ਰਿਹਾ ਹੈ। ਉਨਾਂ ਨੂੰ ਆਪਣੇ ਲੱਛਣਾ ਉੱਤੇ ਵੀ ਨਜ਼ਰ ਰੱਖਣ ਲਈ ਆਖਿਆ ਜਾ ਰਿਹਾ ਹੈ। ਇਸ ਰੈਸਟੋਰੈਂਟ ਨੂੰ ਪਹਿਲੀ ਅਪਰੈਲ ਨੂੰ 1:00 ਵਜੇ ਬੰਦ ਕਰ ਦਿੱਤਾ ਗਿਆ ਸੀ। ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਬ੍ਰੈਡਫੋਰਡ ਵਿਚ ਲੜਾਈ ਕਰਨ ਵਾਲੇ ਪੰਜ ਟੀਨੇਜਰਜ਼ ਨੂੰ ਕੀਤਾ ਗਿਆ ਚਾਰਜ

ਬ੍ਰੈਡਫੋਰਡ, 14 ਅਪਰੈਲ (ਪੋਸਟ ਬਿਊਰੋ) : ਸਾਊਥ ਸਿਮਕੋਅ ਪੁਲਿਸ ਨੇ ਦੱਸਿਆ ਕਿ ਬ੍ਰੈਡਫੋਰਡ ਵਿੱਚ ਜ਼ਬਰਦਸਤ ਲੜਾਈ ਤੋਂ ਬਾਅਦ ਪੰਜ ਟੀਨੇਜਰਜ਼ ਨੂੰ ਹਮਲਾ ਕਰਨ ਤੇ ਹਥਿਆਰਾਂ ਨਾਲ ਸਬੰਧਤ ਜੁਰਮ ਕਾਰਨ ਚਾਰਜ ਕੀਤਾ ਗਿਆ।



ਮੰਗਲਵਾਰ 5:30 ਵਜੇ ਗੜਬੜੀ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਵੈਸਟ ਪਾਰਕ ਐਵਨਿਊ ਅਤੇ ਐਸਫੋਰਡ ਰੋਡ ਇਲਾਕੇ ਵਿੱਚ ਐਲਨ ਕੁਜ਼ਮਿਕ ਪਾਰਕ ਵਿੱਚ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਕੁੱਝ ਟੀਨੇਜਰਜ਼ ਨੇ ਮੂੰਹ ਢਕੇ ਹੋਏ ਸਨ ਤੇ ਬੈਂਡਾਨਾਜ਼ ਪਾਏ ਹੋਏ ਸਨ ਤੇ ਉਨ੍ਹਾਂ ਕੋਲ ਡੰਡੇ ਤੇ ਪੈਪਰ ਸਪਰੇਅ ਸੀ।

ਪੁਲਿਸ ਨੇ ਦੋਸ਼ ਲਾਇਆ ਕਿ ਇਸ ਗਰੁੱਪ ਨੇ ਬਾਸਕਿਟਬਾਲ ਕੋਰਟ ਵਿੱਚ ਨੌਜਵਾਨਾਂ ਦੇ ਦੂਜੇ ਗਰੁੱਪ ਉੱਤੇ ਹਮਲਾ ਕਰ ਦਿੱਤਾ। ਫਿਰ ਇਹ ਮਸ਼ਕੂਕ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ ਪਰ ਬਾਅਦ ਵਿੱਚ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਘਟਨਾ ਦਾ ਸ਼ਿਕਾਰ ਦੋ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਦੋ ਹੋਰਨਾਂ ਦਾ ਮੌਕੇ ਉੱਤੇ ਹੀ ਇਲਾਜ ਕਰ ਦਿੱਤਾ ਗਿਆ।

ਬ੍ਰੈਡਫੋਰਡ ਨਾਲ ਸਬੰਧਤ ਦੋ 15 ਸਾਲਾ ਲੜਕਿਆਂ, ਇੱਕ 17 ਸਾਲਾ ਲੜਕੇ ਤੇ ਯੌਰਕ ਰੀਜਨ ਦੇ 14 ਸਾਲਾ ਦੋ ਲੜਕਿਆਂ ਉੱਤੇ ਹਮਲਾ ਕਰਨ ਅਤੇ ਹਥਿਆਰ ਲੁਕੋ ਕੇ ਰੱਖਣ ਸਬੰਧੀ ਕਈ ਚਾਰਜ ਲਾਏ ਗਏ ਹਨ। ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਮਸ਼ਕੂਕਾਂ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ ਹੈ ਤੇ ਉਨ੍ਹਾਂ ਨੂੰ ਰਿਹਾਅ ਵੀ ਕਰ ਦਿੱਤਾ ਗਿਆ।

# ਦਾਂਤੇ ਰਾਈਟ ਨੂੰ ਮਾਰਨ ਦੇ ਸਬੰਧ ਵਿੱਚ ਸਾਬਕਾ ਮਿਨੀਸੋਟਾ ਪੁਲਿਸ ਅਧਿਕਾਰੀ ਨੂੰ ਕੀਤਾ ਗਿਆ ਚਾਰਜ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਕਿ ਇੱਥੋਂ ਨੇੜੇ ਹੀ ਅਜੇ ਪਿਛਲੇ ਸਾਲ ਮਈ ਵਿੱਚ ਜਾਰਜ ਫਲੌਇਡ ਨੂੰ ਮਾਰੇ ਜਾਣ ਦੇ ਮਾਮਲੇ ਵਿੱਚ ਸਾਬਕਾ ਪੁਲਿਸ ਅਧਿਕਾਰੀ ਖਿਲਾਫ ਵੀ ਮੁਕੱਦਮਾ ਚੱਲ ਰਿਹਾ ਹੈ।

ਬਰੁੱਕਲਿਨ ਸੈਂਟਰ ਪੁਲਿਸ ਦੇ ਸਾਬਕਾ ਪੁਲਿਸ ਚੀਫ ਨੇ ਆਖਿਆ ਕਿ 26 ਸਾਲਾਂ ਤੋਂ ਪੁਲਿਸ ਦੀ ਨੌਕਰੀ ਕਰ ਰਹੀ ਤੇ ਟਰੇਨਿੰਗ ਆਫੀਸਰ 48 ਸਾਲਾ ਪੌਟਰ ਰਾਈਟ ਉੱਤੇ ਟੇਜ਼ਰ ਦੀ ਵਰਤੋਂ ਕਰਨਾ ਚਾਹੁੰਦੀ ਸੀ ਪਰ ਗਲਤੀ ਨਾਲ ਉਸ ਤੋਂ ਆਪਣੀ ਹੈਂਡਗੰਨ ਚੱਲ ਗਈ। ਦੂਜੇ ਪਾਸੇ ਮੁਜ਼ਾਹਰਾਕਾਰੀਆਂ ਤੇ ਰਾਈਟ ਦੇ ਪਰਿਵਾਰ ਦਾ ਕਹਿਣਾ ਹੈ ਕਿ ਗੋਲੀ ਚਲਾਏ ਜਾਣ ਲਈ ਕੋਈ ਬਹਾਨਾ ਨਹੀਂ ਚੱਲ ਸਕਦਾ ਤੇ ਉਨ੍ਹਾਂ ਆਖਿਆ ਕਿ ਇਸ ਤੋਂ ਸਿੱਧ ਹੁੰਦਾ ਹੈ ਕਿ ਨਿਆਂ ਪ੍ਰਬੰਧ ਕਾਲੇ ਲੋਕਾਂ ਲਈ ਕਿਸ ਤਰ੍ਹਾਂ ਤੋੜਿਆ ਮਰੋੜਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਟਰੈਫਿਕ ਸਟੌਪ ਦੌਰਾਨ ਰਾਈਟ ਨੂੰ ਐਕਸਪਾਇਰ ਹੋ ਚੁੱਕੀ ਕਾਰ ਰਜਿਸਟ੍ਰੇਸ਼ਨ ਲਈ ਰੋਕਿਆ ਗਿਆ ਪਰ ਇਸ ਸਾਰੇ ਘਟਨਾਕ੍ਰਮ ਦਾ ਅੰਤ ਉਸ ਦੀ ਮੌਤ ਨਾਲ ਹੋਇਆ। ਆਨਲਾਈਨ ਰਿਕਾਰਡ ਅਨੁਸਾਰ ਬੁੱਧਵਾਰ ਸ਼ਾਮ ਨੂੰ ਪੌਟਰ ਨੇ 100,000 ਡਾਲਰ ਦਾ ਮੁਚਲਕਾ ਭਰਿਆ ਤੇ ਉਸ ਨੂੰ ਹੈਨੇਪਿਨ ਕਾਊਂਟੀ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਉਸ ਨੂੰ ਵੀਰਵਾਰ ਦੁਪਹਿਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

# ਤਰਕਸ਼ੀਲ ਸੁਸਾਇਟੀ ਵਲੋਂ ਕਿਸਾਨ ਸੰਘਰਸ਼ ਦੀ ਹਮਾਇਤ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਦੀ ਬੀਤੇ ਐਤਵਾਰ ਹੋਈ ਕਾਰਜਕਰਨੀ ਦੀ ਜ਼ੂਮ ਮੀਟਿੰਗ ਵਿਚ ਭਾਰਤ ਵਿਚ ਚੱਲ ਰਹੇ ਕਿਸਾਨੀ ਸੰਘਰਸ਼ ਦੀ ਜੋਰਦਾਰ ਹਮਾਇਤ ਕੀਤੀ ਗਈ ਅਤੇ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾ ਨੂੰ ਯਾਦ ਕਰਦਿਆਂ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਜਿਥੇ ਕਿਸਾਨ ਲੀਡਰਾਂ ਦੀ ਸੰਘਰਸ਼ ਨੂੰ ਇਨ੍ਹਾਂ ਔਖੀਆਂ ਹਾਲਤਾਂ ਵਿਚ ਜਿੱਤ ਵੱਲ ਲਿਜਾਣ ਦੇ ਉਦਮਾਂ ਦੀ ਪ੍ਰਸ਼ੰਸਾ ਕੀਤੀ ਗਈ ਉਸ ਦੇ ਨਾਲ ਨਾਲ ਸਰਕਾਰ ਵਲੋਂ ਅਪਣਾਏ ਜਾ ਰਹੇ ਅੜੀਅਲ ਰਵੱਈਏ ਦੀ ਨਿੰਦਾ ਕੀਤੀ ਗਈ।



ਮੀਟਿੰਗ ਦੇ ਸ਼ੁਰੂ ਵਿਚ ਡਾ ਬਲਜਿੰਦਰ ਸੇਖੋਂ ਨੇ ਕਰੋਨਾ ਵਾਇਰਸ ਦੀਆਂ ਵੈਕਸੀਨਾਂ ਬਾਰੇ ਪਾਏ ਜਾ ਰਹੇ ਭਰਮ ਭੁਲੇਖਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੀਆਂ ਹੀ ਬਿਮਾਰੀ ਨੂੰ ਰੋਕਦੀਆਂ ਹਨ ਅਤੇ ਜੋ ਵੀ ਉਪਲੱਬਦ ਹੈ ਉਹ ਲਵਾ ਲੈਣੀ ਚਾਹੀਦੀ ਹੈ। ਜੋ ਐਸਟਰਾ ਜੈਨਿਕਾ ਦੇ ਸਾਈਡ ਅਫੈਕਟ ਦੱਸੇ ਜਾ ਰਹੇ ਹਨ, ਉਹ ਬਹੁਤ ਹੀ ਵਿਰਲੇ ਲੋਕਾਂ ਵਿਚ ਆਉਂਦੇ ਹਨ ਅਤੇ ਇਹ ਕਿਸੇ ਕਿਸੇ ਦੇ ਖ਼ੂਨ ਦੀਆਂ ਨਾੜਾਂ ਵਿਚ ਲਹੂ ਜੰਮਣ ਦਾ ਖਤਰਾ ਦੂਸਰੀਆਂ ਵੈਕਸੀਨਾਂ ਵਿਚ ਵੀ ਵੇਖਿਆ ਗਿਆ ਹੈ। ਇਹ ਮੀਟਿੰਗ ਡਾ ਇਬਰਾਹੀਮ ਕਾਵੂਰ ਦੇ ਜਨਮ ਦਿਨ ਜੋ 10 ਅਪਰੈਲ ਦਾ ਸੀ, ਨੂੰ ਸਮਰਪਿਤ ਕੀਤੀ ਗਈ ਸੀ। ਬਲਵਿੰਦਰ ਬਰਨਾਲਾ ਨੇ ਡਾ ਕਾਵੂਰ ਬਾਰੇ ਬੋਲਦਿਆਂ ਕਿਹਾ ਕਿ ਉਸ ਮਹਾਨ ਸ਼ਖਸ਼ੀਅਤ ਦੇ ਵਿਚਾਰਾਂ ਦੇ ਅਧਾਰ ਤੇ ਹੀ ਭਾਰਤ ਵਿਚ ਤਰਕਸ਼ੀਲ ਲਹਿਰ ਉਸਰੀ ਹੈ। ਉਨ੍ਹਾਂ ਦੱਸਿਆ ਕਿ ਕਾਵੂਰ ਦੀਆਂ ਕਿਤਾਬਾਂ, ਖਾਸ ਕਰ 'ਦੇਵ ਦੈਂਤ ਤੇ ਰੂਹਾਂ' ਅਤੇ 'ਦੇਵ ਪੁਰਸ਼ ਹਾਰ ਗਏ' ਜੋ ਪੰਜਾਬੀ ਅਨੁਵਾਦ ਕਰਕੇ ਪੰਜਾਬ ਵਿਚ ਵੰਡੀਆਂ ਗਈਆਂ, ਨੇ ਅਣਗਿਣਤ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਿਆ ਅਤੇ ਤਰਕਸ਼ੀਲ ਲਹਿਰ ਨਾਲ ਜੋੜਿਆ। ਮੀਟਿੰਗ ਵਿਚ ਡਾ ਸੁਰਿੰਦਰ ਧੰਜਲ ਵਲੋਂ ਕਿਸਾਨੀ ਨਾਲ ਸਬੰਧਿਤ ਸੰਗਰਾਮੀ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਦੀ ਕਿਤਾਬ ਸੰਪਾਦਨ ਕਰਨ ਦੇ ਉੱਦਮ ਦੀ ਵੀ ਸਰਾਹਣਾ ਕੀਤੀ ਗਈ। ਸੁਸਾਇਟੀ ਦੀ ਨਵੀਂ ਕਾਰਜਕਰਨੀ ਦੀ ਚੋਣ ਕਰਨ ਲਈ ਜਨਰਲ ਇਜਲਾਸ 23 ਮਈ 2021 ਨੂੰ ਕਰਨ ਦਾ ਫੈਸਲਾ ਲਿਆ ਗਿਆ, ਜਿਸ ਨੂੰ ਕਰੋਨਾ ਵਾਇਰਸ ਕਾਰਨ ਜੇਕਰ ਪਾਬੰਦੀਆਂ ਵਧੀਆਂ ਤਾਂ ਅੱਗੇ ਪਾਇਆ ਜਾਵੇਗਾ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਬਲਦੇਵ ਰਹਿਪਾ (416 881 7202) ਜਾਂ ਨਿਰਮਲ ਸੰਧੂ (416 835 3450) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮੋਦੀ ਦੇ ਮਿੱਤਰ ਅਡਾਨੀ ਦੀ ਕੰਪਨੀ ਨੂੰ ਅਮਰੀਕਾ ਵਿੱਚ ਵੱਡਾ ਝਟਕਾ

*** ਨਿਊਯਾਰਕ ਸਟਾਕ ਐਕਸਚੇਂਜ ਨੇ ਬਾਹਰ ਦਾ ਰਾਹ ਦਿਖਾਇਆ * ਮਿਆਂਮਾਰ ਦੀ ਫੌਜੀ ਜੁੰਡੀ ਨਾਲ ਸਾਂਝ ਮਹਿੰਗੀ ਪਈ**

ਵਾਸ਼ਿੰਗਟਨ, 14 ਅਪਰੈਲ, (ਪੋਸਟ ਬਿਊਰੋ)- ਮਿਆਂਮਾਰ ਦੀ ਫੌਜੀ ਸਰਕਾਰ ਨਾਲ ਸਾਂਝ ਰੱਖਣ ਦਾ ਨੁਕਸਾਨ ਗੌਤਮ ਅਡਾਨੀ ਦੀ ਕੰਪਨੀ ਨੂੰ ਅਮਰੀਕਾ ਵਿਚ ਭੁਗਤਣਾ ਪਿਆ ਹੈ। ਇਸ ਕਾਰਨ ਨਿਊਯਾਰਕ ਸਟਾਕ ਐਕਸਚੇਂਜ ਤੋਂ ਉਸ ਦੀ ਕੰਪਨੀਨੂੰ ਬਾਹਰ ਕਰਦਿੱਤਾ ਗਿਆ ਹੈ। ਅਡਾਨੀ ਦੀ ਮਾਲਕੀ ਵਾਲੀ ਅਡਾਨੀ ਪੋਰਟਸ ਤੇ ਸਪੈਸ਼ਲ ਇਕਨਾਮਿਕ ਜ਼ੋਨ ਨੂੰ ਐੱਸ ਐਂਡ ਪੀ ਡਾਓ ਜੋਨਸ ਨੇ ਆਪਣੀ ਸਥਿਰਤਾ ਵਾਲੀ ਲਿਸਟ ਵਿਚੋਂ ਹਟਾ ਦਿੱਤਾ ਹੈ। ਨਿਊਯਾਰਕ ਸਟਾਕ ਐਕਸਚੇਂਜ ਨੇ ਇਸ ਦੀ ਜਾਣਕਾਰੀਬਿਆਨ ਜਾਰੀ ਕਰ ਦਿੱਤੀ ਹੈ।



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨੇੜਲਾ ਮਿੱਤਰ ਮੰਨੇ ਜਾਂਦੇ ਪ੍ਰਮੁੱਖ ਉਦਯੋਗਪਤੀ ਗੌਤਮ ਅਡਾਨੀ ਦੀ ਕੰਪਨੀ ਉੱਤੇ ਮਿਆਂਮਾਰ ਵਿਚ ਤਖਤਾਪਲਟਣ ਵਾਲੀ ਫੌਜ ਨਾਲ ਵਪਾਰਕ ਸਬੰਧ ਰੱਖਣ ਕਰ ਕੇ ਕਾਰਵਾਈ ਕੀਤੀ ਗਈ ਹੈ। ਮਿਆਂਮਾਰ ਦੀ ਫੌਜ ਨੇ 1 ਫਰਵਰੀ ਨੂੰ ਤਖਤਾਪਲਟ ਕੀਤਾ ਤੇ ਆਂਗ ਸਾਨ ਸੂ ਕੀ ਦੀ ਚੁਣੀ ਹੋਈ ਸਰਕਾਰ ਨੂੰ ਉਲਟਾ ਕੇ ਸੱਤਾ ਉੱਤੇ ਕਬਜ਼ਾ ਕਰ ਲਿਆ ਸੀ। ਨਿਊਯਾਰਕ ਸਟਾਕ ਐਕਸਚੇਂਜ ਨੇ ਇੱਕ ਬਿਆਨ ਵਿਚ ਕਿਹਾ ਹੈ ਕਿ ਅਡਾਨੀ ਪੋਰਟਸ ਐਂਡ ਸਪੈਸ਼ਲ ਇਕਨਾਮਿਕ ਜ਼ੋਨ (ਏ ਪੀ ਏ ਸੀ ਜ਼ੈੱਡ) ਨੂੰ 15 ਅਪ੍ਰੈਲ ਤੋਂ ਇਸ ਦੀ ਲਿਸਟ ਵਿਚੋਂ ਹਟਾ ਦਿੱਤਾ ਜਾਵੇਗਾ। ਇਹ ਅਡਾਨੀ ਦੇ ਲਈ ਵੱਡਾ ਝਟਕਾ ਮੰਨਿਆ ਗਿਆ ਹੈ।

ਅਸਲ ਵਿੱਚ ਅਡਾਨੀ ਪੋਰਟਸ ਇਸ ਵਕਤ ਦੁਨੀਆ ਦੇ ਕਈ ਦੇਸ਼ਾਂ ਵਿਚ ਪੋਰਟਸ ਬਣਾਉਣ ਦਾ ਕਾਂਟ੍ਰੈਕਟ ਹੇਠ ਜਿਹੜਾ ਕੰਮ ਕਰ ਰਿਹਾ ਹੈ, ਉਸ ਵਿਚ ਮਿਆਂਮਾਰ ਦੇ ਯੰਗੂਨ ਵਿਚ 29 ਕਰੋੜ ਡਾਲਰ ਦੀ ਲਾਗਤ ਦਾਨਵਾਂ ਕੰਟੇਨਰ ਟਰਮੀਨਲ ਬਣਾਉਣਾ ਸ਼ਾਮਲ ਹੈ, ਜਿਸ ਲਈ ਮਿਆਂਮਾਰ ਦੀ ਫੌਜ ਵੱਲੋਂ ਚਲਾਈ ਜਾਣ ਵਾਲੀ ਮਿਆਂਮਾਰ ਇਕਨਾਮਿਕ ਕਾਰਪੋਰੇਸ਼ਨ ਨੇ ਜ਼ਮੀਨ ਲੀਜ਼ ਉੱਤੇਦਿੱਤੀ ਹੈ। ਮਿਆਂਮਾਰ ਵਿਚ ਫੌਜ ਵੱਲੋਂ ਤਖਤਾਪਲਟਣ ਦਾ ਅਮਰੀਕਾ ਅਤੇ ਹੋਰ ਸਾਰੇ ਪੱਛਮੀ ਦੇਸ਼ਾਂ ਨੇ ਵਿਰੋਧ ਕੀਤਾ ਅਤੇ ਲੋਕਤੰਤਰ ਬਹਾਲ ਨਾ ਕਰਨ ਉੱਤੇ ਮਿਆਂਮਾਰ ਫੌਜਉੱਤੇ ਸਖਤ ਪਾਬੰਦੀਆਂ ਲਾਉਣ ਦੀ ਗੱਲ ਆਖੀ ਹੈ। ਮਿਆਂਮਾਰ ਵਿਚ ਤਖਤਾਪਲਟੇ ਜਾਣ ਦੇ ਖਿਲਾਫ ਲੋਕ ਸੜਕਾਂ ਉੱਤੇ ਹਨ ਅਤੇ ਅੱਜ ਤੱਕ ਦੇ ਵਿਖਾਵਿਆਂ ਦੌਰਾਨ 700 ਤੋਂ ਵੱਧ ਲੋਕ ਸੁਰੱਖਿਆ ਫੋਰਸਾਂ ਦੀ ਗੋਲੀ ਨਾਲ ਮਾਰੇ ਜਾ ਚੁੱਕੇ ਹਨ।

# ਭਾਰਤ ਵਿੱਚ ਕੋਰੋਨਾ ਦੇ ਕਾਰਨ ਹਾਲਤ ਹੋਰ ਵਿਗੜਦੇ ਦਿੱਸਣ ਲੱਗੇ

*** ਮਹਾਰਾਸ਼ਟਰ ਪਿੱਛੋਂਮੱਧ ਪ੍ਰਦੇਸ਼ ਵਿੱਚ ਵੀ ਆਕਸੀਜਨ ਦੀ ਘਾਟ * ਗੁਜਰਾਤ ਵਿੱਚ ਸਸਕਾਰ ਕਰਨ ਲਈ ਘੰਟਿਆਂ ਬੱਧੀ ਉਡੀਕ * ਪੰਜਾਬ ਵਿੱਚ ਇੱਕੋ ਦਿਨ ਕੋਰੋਨਾ ਦੇ 3329 ਨਵੇਂ ਕੇਸ, 63 ਮੌਤਾਂ**

ਨਵੀਂ ਦਿੱਲੀ, 14 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਭਾਰਤ ਵਿੱਚ ਹਾਲਾਤ ਹੋਰ ਵੀ ਵਿਗੜਦੇ ਦਿਖਾਈ ਦੇਣ ਲੱਗ ਪਏ ਹਨ। ਇਸ ਕਾਰਨ ਭਾਰਤ ਸਰਕਾਰ ਨੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ ਬੀ ਐੱਸ ਈ) ਦੇ ਇਮਤਿਹਾਨਾਂ ਨੂੰ ਵੀ ਰੋਕਣ ਦਾ ਫੈਸਲਾ ਕਰ ਲਿਆ ਹੈ।

ਮੱਧ ਪ੍ਰਦੇਸ਼ ਵਿੱਚ ਕੋਰੋਨਾ ਵਾਇਰਸ ਦੇ ਅੰਕੜੇ ਤੇਜ਼ੀ ਨਾਲ ਵਧਣ ਦੌਰਾਨ ਸਿਹਤ ਸੇਵਾਵਾਂ ਨੂੰ ਠੀਕ ਕਰਨ ਲਈ ਸਰਕਾਰ ਯਤਨ ਕਰ ਰਹੀ ਹੈ, ਪਰ ਆਕਸੀਜਨ ਦੀ ਘਾਟ ਨੇ ਮੁਸੀਬਤ ਪਾਦਿੱਤੀ ਹੈ। ਮਹਾਰਾਸ਼ਟਰ ਵਿੱਚ ਵੀ ਕੋਰੋਨਾ ਵਾਇਰਸ ਦੇ ਤੇਜ਼ੀ ਨਾਲ ਵੱਧਣ ਕਾਰਨ ਪਹਿਲਾਂ ਹੀ ਹਸਪਤਾਲਾਂ ਨੂੰ ਆਕਸੀਜਨ ਦੀ ਕਮੀ ਹੋਣ ਬਾਰੇ ਕਿਹਾ ਜਾ ਰਿਹਾ ਹੈ। ਮੱਧ ਪ੍ਰਦੇਸ਼ ਸਰਕਾਰ ਕਹਿੰਦੀ ਹੈਕਿ ਹਸਪਤਾਲ ਨੂੰ ਦੁੱਗਣੀ ਮਾਤਰਾ ਵਿੱਚ ਆਕਸੀਜਨ ਭੇਜੀ ਜਾ ਰਹੀ ਹੈ ਅਤੇ 8 ਅਪ੍ਰੈਲ ਨੂੰ 130 ਮੀਟਰਿਕ ਟਨ ਆਕਸੀਜਨ ਸਪਲਾਈ ਕੀਤੀ ਸੀ, ਪਰ ਮੰਗ ਬਹੁਤ ਵੱਡੀਹੈ। ਰਾਜਧਾਨੀ ਭੋਪਾਲ ਦੇ ਇੱਕ ਹਸਪਤਾਲ ਨੇ ਆਕਸੀਜਨ ਦੀ ਘਾਟ ਦੱਸ ਕੇ ਗੰਭੀਰ ਮਰੀਜ ਰੱਖਣੇ ਬੰਦ ਕਰ ਦਿੱਤੇ ਹਨ। ਰਾਇਸੇਨ ਦੇ ਸਿਟੀ ਹਸਪਤਾਲ ਨੇ ਮੰਗ ਜੋਗੀ ਆਕਸੀਜਨ ਨਾ ਮਿਲਣ ਉੱਤੇ ਗੰਭੀਰ ਮਰੀਜ਼ ਲੈਣ ਤੋਂ ਨਾਂਹ ਕਰ ਦਿੱਤੀ ਹੈ। ਸਰਕਾਰ ਵੱਲੋਂ ਆਕਸੀਜਨ ਸਪਲਾਈ ਕਰਨ ਦੇ ਦਾਅਵੇ ਦੇ ਉਲਟ ਹਸਪਤਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੰਗ ਮੁਤਾਬਕ ਮਸਾਂ 30 ਫ਼ੀਸਦੀ ਆਕਸੀਜਨ ਸਪਲਾਈ ਮਿਲਦੀ ਹੈ ਅਤੇ ਆਕਸੀਜਨ ਦੀ ਕਮੀ ਕਾਰਨ ਛੇ ਲੋਕਾਂ ਦੀ ਜਾਨ ਜਾ ਚੁੱਕੀ ਹੈ।

ਗੁਜਰਾਤ ਵਿੱਚ ਬੀਤੇ ਹਫ਼ਤੇ ਤੋਂ ਸ਼ਮਸ਼ਾਨ ਘਾਟਾਂ ਵਿੱਚ ਭਾਰੀ ਭੀੜ ਦੇ ਕਾਰਨ ਕੋਵਿਡ-19 ਜਾਂ ਹੋਰ ਰੋਗਾਂ ਨਾਲਮਰਨ ਵਾਲੇ ਲੋਕਾਂ ਦੇ ਵਾਰਸਾਂ ਨੂੰ ਉਨ੍ਹਾਂ ਦੇ ਅੰਤਮ ਸੰਸਕਾਰ ਲਈ ਘੰਟਿਆਂ ਬੱਧੀਉਡੀਕਣਾ ਪੈਂਦਾ ਹੈ। ਅੱਜ ਬੁੱਧਵਾਰ ਅਧਿਕਾਰੀਆਂ ਨੇ ਕਿਹਾ ਕਿ ਹਿੰਦੂ ਧਰਮ ਵਿੱਚ ਆਮ ਤੌਰ ਉੱਤੇ ਸੂਰਜ ਡੁੱਬਣ ਪਿੱਛੋਂ ਅੰਤਿਮ ਸੰਸਕਾਰ ਨਹੀਂ ਕੀਤਾ ਜਾਂਦਾ, ਪਰ ਅੱਜਕੱਲ੍ਹ ਸ਼ਮਸ਼ਾਨ ਘਾਟਾਂ ਵਿੱਚ ਲਾਸ਼ਾਂ ਦੀ ਭਾਰੀ ਗਿਣਤੀ ਕਾਰਨ ਰਾਤ ਨੂੰ ਵੀ ਅੰਤਿਮ ਸੰਸਕਾਰ ਕਰਨਾ ਪੈ ਰਿਹਾ ਹੈ। ਸੂਰਤ ਸ਼ਹਿਰ ਦੇ ਉਮਰਾ ਇਲਾਕੇ ਦੇ ਇਕ ਸ਼ਮਸ਼ਾਨ ਘਾਟ ਵਿੱਚ 2 ਦਿਨ ਪਹਿਲਾਂ ਰਾਤ ਨੂੰ ਇਕੱਠੀਆਂ 25 ਲਾਸ਼ਾਂ ਦਾ ਲੱਕੜਾਂ ਵਾਲੀਆਂ ਚਿਖਾ ਵਿੱਚ ਇਸ ਲਈ ਅੰਤਿਮ ਸੰਸਕਾਰ ਕਰਨਾ ਪਿਆ ਕਿ ਗੈਸ ਵਾਲੀਆਂ ਭੱਠੀਆਂ ਘੱਟ ਸਨ। ਵਡੋਦਰਾ ਵਿੱਚ ਵੀ ਸ਼ਮਸ਼ਾਨ ਘਾਟਾਂ ਵਿੱਚ ਭੀੜ ਕਾਰਨ ਲੋਕਰਾਤਨੂੰ ਅੰਤਿਮ ਸੰਸਕਾਰ ਕਰਨ ਲੱਗੇ ਹਨ। ਓਥੇਨਗਰ ਨਿਗਮ ਦੀ ਸਥਾਈ ਕਮੇਟੀ ਦੇ ਪ੍ਰਧਾਨ ਹਿਤੇਂਦਰ ਪਟੇਲ ਨੇ ਦੱਸਿਆ ਕਿ ਹਾਲਾਤ ਨਾਲ ਨਜਿੱਠਣ ਅਤੇ ਇੰਤਜ਼ਾਰ ਘਟਾਉਣਲਈ ਅਧਿਕਾਰੀਆਂ ਨੇ ਕੁਝ ਸ਼ਮਸ਼ਾਨ ਘਾਟਾਂ ਵਿੱਚ ਲੋਹੇ ਦੀਆਂ ਕੰਮ-ਚਲਾਊ ਚਿਖਾ ਦਾ ਪ੍ਰਬੰਧ ਕੀਤਾ ਹੈ ਤੇ ਅਜੇ ਤੱਕ ਜਿਨ੍ਹਾਂ ਸ਼ਮਸ਼ਾਨ ਘਾਟਾਂ ਵਿੱਚ ਅੰਤਿਮ ਸੰਸਕਾਰ ਨਹੀਂ ਹੁੰਦਾ ਸੀ, ਉਹ ਵੀ ਖੋਲ੍ਹ ਦਿੱਤੇ ਹਨ। ਅਹਿਮਦਾਬਾਦ ਵਿੱਚ ਕੁਝ ਮ੍ਰਿਤਕਾਂ ਦੇ ਪਰਿਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸ਼ਮਸ਼ਾਨ ਘਾਟ ਵਿੱਚ 8 ਘੰਟੇ ਤੋਂ ਵੱਧ ਸਮਾਂਉਡੀਕਣਾ ਪਿਆ ਹੈ। ਏਥੇ 2 ਮੁੱਖ ਸ਼ਮਸ਼ਾਨ ਘਾਟਾਂ ਵਾਡਾਜ ਅਤੇ ਦੁਧੇਸ਼ਵਰ ਵਿੱਚਭਾਰੀ ਭੀੜ ਹੈ।

ਪੰਜਾਬ ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀਪਹਿਲਾਂ ਘਟਦੀ ਜਾਪਦੀ ਸੀ, ਅੱਜ ਫਿਰ ਕੇਸ ਵਧੇ ਦਿਖਾਈ ਦਿੱਤੇ ਹਨ। ਅੱਜ ਬੁੱਧਵਾਰ ਪੰਜਾਬ ਵਿੱਚ ਕੋਰੋਨਾ ਦੇ 3329 ਨਵੇਂ ਕੇਸਮਿਲੇ ਤੇ 63 ਲੋਕਾਂ ਦੀ ਕੋਰੋਨਾ ਦੇ ਕਾਰਨ ਮੌਤ ਹੋਈ ਹੈ। ਇਸ ਰਾਜ ਵਿੱਚਅੱਜ ਤੱਕ7672 ਲੋਕਾਂ ਦੀ ਕੋਰੋਨਾ ਨਾਲ ਮੌਤ ਹੋ ਚੁੱਕੀ ਹੈ। ਅੱਜ ਬੁੱਧਵਾਰ ਨੂੰ ਮੋਹਾਲੀਜ਼ਿਲੇ ਵਿੱਚ 508ਨਵੇਂ ਕੇਸ, ਲੁਧਿਆਣਾ489, ਪਟਿਆਲਾ 347, ਅੰਮ੍ਰਿਤਸਰ 316, ਜਲੰਧਰ 276, ਬਠਿੰਡਾ 202, ਹੁਸ਼ਿਆਰਪੁਰ 198, ਗੁਰਦਾਸਪੁਰ 147, ਰੋਪੜ 109, ਫਰੀਦਕੋਟ 98,ਪਠਾਨਕੋਟ 90, ਸੰਗਰੂਰ 87,ਮਾਨਸਾ 86, ਮੋਗਾ 63, ਫਾਜ਼ਿਲਕਾ 55, ਮੁਕਤਸਰ ਸਾਹਿਬ 65, ਫਤਿਹਗੜ੍ਹ ਸਾਹਿਬ 53, ਨਵਾਂ ਸ਼ਹਿਰ 46, ਕਪੂਰਥਲਾ 43, ਬਰਨਾਲਾ, 28 ਫਿਰੋਜ਼ਪੁਰ 20 ਤੇ ਤਰਨਤਾਰਨ ਵਿੱਚ 3 ਕੋਰੋਨਾ ਦੇ ਨਵੇਂ ਕੇਸ ਮਿਲੇ ਹਨ। ਅੱਜਕੋਰੋਨਾ ਨਾਲ 63 ਮੌਤਾਂ ਵਿੱਚੋਂ ਅੰਮ੍ਰਿਤਸਰ 11,ਜਲੰਧਰ 7, ਲੁਧਿਆਣਾ ਤੇਪਟਿਆਲਾ 6-6, ਹੁਸ਼ਿਆਰਪੁਰਤੇਫਾਜ਼ਿਲਕਾ 4-4, ਕਪੂਰਥਲਾ, ਬਠਿੰਡਾ ਤੇ ਮੋਹਾਲੀ3-3, ਗੁਰਦਾਸਪੁਰ, ਮੋਗਾ,ਪਠਾਨਕੋਟ,ਸੰਗਰੂਰ ਅਤੇ ਤਰਨ ਤਾਰਨ ਵਿੱਚ 2-2, ਮੁਕਤਸਰ ਸਾਹਿਬ,ਬਰਨਾਲਾ, ਫਿਰੋਜ਼ਪੁਰ ਵਿੱਚ ਕੋਰੋਨਾ ਦੇ ਕਾਰਨ 1-1 ਮਰੀਜ਼ਦੀ ਮੌਤ ਹੋਈ ਹੈ।

KANG TAX & FINANCIAL SERVICES
Carte WEALTH MANAGEMENT INC.
› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***
FREE For New Immigrants
TAX Filing $40 +Tax
$10 OFF Coupon only for New Clients One per family

Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Aaxel Insurance.
Suite #105-2645 Islington Ave.
Etobicoke, ON M9V 2X6
Website: www.kangtax.com
Email: sukhwinder.kang@cartewm.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਅੱਜ ਨਾਮਾ

ਮੂਰਖ ਕਹਿੰਦੇ ਕੋਰੋਨਾ ਦਾ ਰੋਗ ਹੈ ਨਹੀਂ,
ਜਦ ਕਿ ਮਾਰ ਨਾ ਹੁੰਦੀ ਆ ਝੱਲ ਮੀਆਂ।
ਮਿਲਦਾ ਬੈੱਡ ਨਹੀਂ ਹਸਪਤਾਲ ਦੇ ਵਿੱਚ,
ਇਹਦਾ ਨਿਕਲਦਾ ਕੋਈ ਨਾ ਹੱਲ ਮੀਆਂ।
ਗਿਣਤੀ ਮੌਤਾਂ ਦੀ ਏਦਾਂ ਹੀ ਵਧੀ ਜਾਂਦੀ,
ਕਰਨੀ ਪੀੜ ਦੇਂਦੀ ਏਹਦੀ ਗੱਲ ਮੀਆਂ।
ਡਾਕਟਰ ਪਿੰਡਾਂ ਦੇ ਇਹੋ ਈ ਕਹੀ ਜਾਂਦੇ,
ਹਸਪਤਾਲਾਂ ਦੇ ਜਾਣਾ ਨਹੀਂ ਵੱਲ ਮੀਆਂ।
ਲਾਲਚ ਉਨ੍ਹਾਂ ਨੂੰ ਏਥੇ ਉਹ ਰਹਿਣਗੇ ਤਾਂ,
ਪੈਸਾ ਯਾਰਾਂ ਦੀ ਜੇਬ ਵਿੱਚ ਆਊ ਮੀਆਂ।
ਅਫਸਰ ਖੁਸ਼ ਨੇ ਕੇਸਾਂ ਦੀ ਵੱਧ ਗਿਣਤੀ,
ਲਿਖੀ ਖਾਤੇ ਦੇ ਵਿੱਚ ਨਹੀਂ ਜਾਊ ਮੀਆਂ।

**ਤੀਸ ਮਾਰ ਖਾਂ**

**ਡਾ. ਅੰਬੇਡਕਰ ਜੈਯੰਤੀ ਮੌਕੇ ਰਾਜਨੀਤੀ**

# ਪੰਜਾਬ ਦੇ ਮੁੱਖ ਮੰਤਰੀ ਵੱਲੋਂ ਅਨੁਸੂਚਿਤ ਜਾਤਾਂ ਲਈ ਵੱਡੇ ਐਲਾਨ

### * ਅਕਾਲੀ ਦਲ ਨੇ ਕਿਹਾ: ਅਸੀਂ ਦਲਿਤ ਉੱਪ ਮੁੱਖ ਮੰਤਰੀ ਬਣਾਵਾਂਗੇ * ਦਲਿਤ ਉਪ ਮੁੱਖ ਮੰਤਰੀ ਦੇ ਐਲਾਨ ਉੱਤੇ ਭਾਜਪਾ ਦਾ ਸੁਖਬੀਰ ਉੱਤੇ ਹਮਲਾ

ਚੰਡੀਗੜ੍ਹ, 14 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦਾ ਫੈਸਲਾ ਹੈ ਕਿ ਸਾਰੀਆਂ ਯੋਜਨਾਵਾਂ ਵਿੱਚੋਂ ਘੱਟੋ-ਘੱਟ 30 ਫ਼ੀਸਦੀ ਫੰਡਪੰਜਾਬ ਦੀ ਅਨੁਸੂਚਿਤ ਜਾਤੀ ਵਸੋਂ ਦੀ ਭਲਾਈ ਲਈ ਖਰਚ ਕੀਤੇ ਜਾਣਗੇ। ਇਹ ਐਲਾਨ ਉਨ੍ਹਾਂ ਨੇ ਅੱਜ ਡਾ. ਬੀ ਆਰ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕੀਤਾ ਅਤੇ ਕਿਹਾ ਕਿ ਡਾ. ਅੰਬੇਡਕਰ ਨੂੰ ਉਸ ਪਹਿਲੇ ਭਾਰਤੀ ਵਜੋਂ ਯਾਦ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਦਲਿਤ ਸਮਾਜ ਦੇ ਭਲੇ ਲਈ ਬਹੁਤ ਕੁਝ ਕਰ ਵਿਖਾਇਆ ਸੀ।

ਅੱਜ ਰਾਜ ਪੱਧਰ ਦੇ ਵਰਚੂਅਲ ਸਮਾਗਮ ਦੌਰਾਨ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ ਆਰ ਅੰਬੇਡਕਰ ਨੂੰ ਉਨ੍ਹਾਂ ਦੇ 130ਵੇਂ ਜਨਮ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੇ ਸਾਰੇ ਵਿਭਾਗਾਂ ਵਿਚ ਦਲਿਤ ਭਾਈਚਾਰੇ ਦੀਆਂਪੋਸਟਾਂ ਦਾ ਬੈਕਲਾਗ ਪਹਿਲਾਂ ਭਰਨ ਦਾ ਐਲਾਨ ਕੀਤਾ ਹੈ। ਉਨ੍ਹਾ ਨੇ ਸਿਆਜੀਰਾਓ ਗਾਇਕਵਾੜ ਵੱਲੋਂਚਲਾਈ ਸਕੀਮ ਹੇਠ ਬਾਬਾ ਸਾਹਿਬ ਅੰਬੇਡਕਰ ਨੂੰ ਦਿੱਤੀ ਗਈ ਬੜੌਦਾ ਸਟੇਟ ਸਕਾਲਰਸ਼ਿਪ ਸਕੀਮ ਵਾਂਗ ਉੱਤੇਦਲਿਤ ਵਿਦਿਆਰਥੀਆਂ ਲਈ ਪੋਸਟ-ਮੈਟਿਰਕ ਓਵਰਸੀਜ਼ ਸਕਾਲਰਸ਼ਿਪ ਸਕੀਮ ਦੀਆਂ ਸੰਭਾਵਨਾਵਾਂ ਵੇਖਣ ਦਾ ਵਾਅਦਾ ਕੀਤਾਅਤੇ ਸਾਲ 2022 ਲਈ ਪੇਂਡੂ ਲਿੰਕ ਸੜਕਾਂ ਲਈ 500 ਕਰੋੜ ਰੁਪਏ ਦੀ ਲਾਗਤ ਵਾਲੇ ਵਿਸ਼ੇਸ਼ ਪ੍ਰਾਜੈਕਟ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਪ੍ਰਾਜੈਕਟ ਹੇਠ ਅਨੁਸੂਚਿਤ ਜਾਤਾਂ ਤੇ ਹੋਰ ਗਰੀਬ ਵਰਗਾਂ ਦੀ ਆਬਾਦੀ ਲਈ ਜਿੱਥੇ ਇਸ ਵੇਲੇ ਸੜਕ ਨਹੀਂ, ਉਨ੍ਹਾਂ ਲਈ ਨਵੇਂ ਲਿੰਕ ਰੋਡ ਬਣਾਏ ਜਾਣਗੇ ਤੇ ਇਸ ਨਾਲ ਸ਼ਮਸ਼ਾਨ ਘਾਟ ਤੇ ਪੂਜਾ ਸਥਾਨ ਜੋੜੇ ਜਾਣਗੇ। ਉਨ੍ਹਾ ਕਿਹਾ ਕਿ 50 ਫੀਸਦੀ ਤੋਂ ਵੱਧ ਦਲਿਤ ਆਬਾਦੀ ਦੇ ਪਿੰਡਾਂ ਦੇ ਆਧੁਨਿਕੀਕਰਨ ਲਈ 2021-22 ਵਿਚ 100 ਕਰੋੜ ਦੀ ਵਿਸ਼ੇਸ਼ ਰਾਸ਼ੀ ਆਵੇਗੀ, ਜਿਸ ਦਾ ਮਕਸਦ ਕੁੱਲ ਵਸੋਂ ਦੀ 50 ਫੀਸਦੀ ਜਾਂ ਬਰਾਬਰ ਅਨੁਸੂਚਿਤ ਜਾਤੀ ਵਸੋਂ ਵਾਲੇ ਪਿੰਡਾਂ ਵਿਚ ਮੌਜੂਦਾ ਗਰਾਂਟਾਂ ਨੂੰ ਅੱਗੇ ਵਧਾਉਣਾ ਹੈ।



ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ 2022 ਵਿਚ ਅਕਾਲੀ ਦਲ ਬਾਦਲ ਦੀ ਸਰਕਾਰ ਬਣੀ ਤਾਂ ਦਲਿਤ ਆਗੂ ਉਸ ਵਿੱਚ ਡਿਪਟੀਮੁੱਖ ਮੰਤਰੀ ਹੋਵੇਗਾ। ਸੁਖਬੀਰ ਸਿੰਘ ਬਾਦਲ ਅੱਜ ਡਾ. ਅੰਬੇਡਕਰ ਦੇ ਜਨਮ ਦਿਨ ਮੌਕੇ ਜਲੰਧਰ ਆਏ ਸਨ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਅਕਾਲੀ ਸਰਕਾਰ ਬਣਨ ਉੱਤੇ ਅਸੀਂ ਡਾ. ਅੰਬੇਡਕਰ ਦੇ ਨਾਮ ਉੱਤੇ ਪੰਜਾਬ ਵਿਚ ਵੱਡੀ ਯੂਨੀਵਰਸਿਟੀ ਵੀ ਬਣਾਵਾਂਗੇ। ਉਨ੍ਹਾ ਕਿਹਾ ਕਿ ਵਿਧਾਨ ਸਭਾ ਚੋਣਾਂ ਗੱਠਜੋੜ ਬਣਾ ਕੇ ਲੜੀਆਂ ਜਾ ਸਕਦੀਆਂ ਹਨ, ਜਿਸ ਲਈ ਉਨ੍ਹਾਂ ਦੀ ਕੁਝ ਸਿਆਸੀ ਪਾਰਟੀਆਂ ਦੇ ਨਾਲ ਗੱਲਬਾਤ ਚੱਲ ਰਹੀ ਹੈ ਅਤੇ ਆਉਂਦੇ ਦਿਨਾਂ ਵਿਚ ਸਭ ਕੁਝ ਸਾਫ ਹੋ ਜਾਵੇਗਾ।

ਅਕਾਲੀ ਦਲ ਵਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਸਰਕਾਰ ਬਣਨ ਉੱਤੇ ਦਲਿਤ ਆਗੂ ਡਿਪਟੀਮੁੱਖ ਮੰਤਰੀ ਬਣਾਉਣ ਦੇ ਐਲਾਨ ਪਿੱਛੋਂ ਭਾਜਪਾ ਦੇ ਸੀਨੀਅਰ ਆਗੂ ਆਰ ਪੀ ਸਿੰਘ ਨੇ ਟਵਿੱਟਰ ਉੱਤੇ ਸੁਖਬੀਰ ਸਿੰਘ ਬਾਦਲ ਦੇ ਟਵੀਟ ਨੂੰ ਰੀ-ਟਵੀਟ ਕਰ ਕੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਦਲਿਤ ਮੁੱਖ ਮੰਤਰੀ ਬਣਾਉਣ ਦੀ ਗੱਲ ਕਹੀ ਹੈ, ਪਰ ਅਕਾਲੀ ਸਰਕਾਰ ਵੇਲੇ 2007 ਵਿਚ ਭਾਜਪਾ ਆਗੂਆਂ ਚੌਧਰੀ ਸਵਰਨਾ ਰਾਮ ਤੇ 2012 ਵਿਚ ਭਗਤ ਚੁੰਨੀ ਲਾਲ ਨੂੰ ਡਿਪਟੀਮੁੱਖ ਮੰਤਰੀ ਬਨਾਉਣ ਤੋਂ ਇਸੇ ਪਾਰਟੀ ਦੀ ਲੀਡਰਸ਼ਿਪ ਨੇ ਇਨਕਾਰ ਕੀਤਾ ਸੀ।

# ਬੇਅਦਬੀ ਤੇ ਕੋਟਕਪੂਰਾ ਗੋਲੀਕਾਂਡ: ਹਾਈ ਕੋਰਟ ਵਿੱਚ ਕੇਸ ਹਾਰਨ ਵਾਲੇ ਵਕੀਲਾਂ ਦਾ ਬਚਾਅ ਕਰਨ ਲਈ ਅਮਰਿੰਦਰ ਸਿੰਘ ਅੱਗੇ ਆਏ

### * ਲਾਏ ਜਾ ਰਹੇ ਦੋਸ਼ਾਂ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ

ਚੰਡੀਗੜ੍ਹ, 14 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਕੋਟਕਪੂਰਾ ਗੋਲੀਕਾਂਡ ਦੇ ਕੇਸ ਦੀ ਜਾਂਚ ਦੀ ਪੈਰਵੀ ਕਰ ਕੇ ਕੇਸ ਹਾਰ ਚੁੱਕੀ ਲੀਗਲ ਟੀਮ ਦੇ ਖਿਲਾਫ਼ ਲਾਏ ਦੋਸ਼ਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੇਬੁਨਿਆਦ ਤੇ ਰਾਜਨੀਤੀ ਤੋਂ ਪ੍ਰੇਰਿਤ ਦੱਸ ਕੇ ਰੱਦ ਕੀਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਐਡਵੋਕੇਟ ਜਨਰਲਅਤੁਲ ਨੰਦਾ ਅਤੇ ਕੇਸ ਲੜਨ ਲਈ ਪੰਜਾਬ ਸਰਕਾਰ ਵਲੋਂ ਨਿਯੁਕਤ ਕੀਤੇ ਹੋਰ ਵਕੀਲਾਂ ਦੀ ਹਰ ਪਾਸੇ ਹੋਰ ਰਹੀ ਆਲੋਚਨਾ ਦਾ ਜਵਾਬ ਦਿੰਦੇ ਹੋਏ ਵਿਰੋਧੀ ਪਾਰਟੀਆਂ ਤੇ ਉਨ੍ਹਾਂ ਦੇ ਆਗੂਆਂ ਦੀ ਨਿੰਦਾ ਕੀਤੀ ਹੈ, ਜਿਹੜੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਾਣਬੁੱਝ ਕੇ ਏਦਾਂ ਦੇ ਨਾਜ਼ਕ ਮੁੱਦੇ ਉੱਤੇ ਲੋਕਾਂ ਦੀਆਂ ਭਾਵਨਾਵਾਂ ਭੜਕਾ ਰਹੇ ਹਨ, ਤਾਂ ਕਿ ਮੁਸੀਬਤ ਵਧਾਈ ਜਾ ਸਕੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਵਲੋਂ ਪੇਸ਼ ਕੀਤੀ ਗਈ ਤਸਵੀਰ ਦੇ ਉਲਟ ਸਚਾਈ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਅਦਾਲਤਾਂ ਵਿਚ ਕੋਟਕਪੂਰਾ ਤੇ ਬਹਿਬਲ ਕਲਾਂ ਪੁਲਸ ਗੋਲੀ ਕਾਂਡਦੇ ਕੇਸਾਂ ਤੋਂ ਵੱਖਰੇ ਲੜੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਐਡਵੋਕੇਟ ਜਨਰਲ ਅਤੇ ਉਨ੍ਹਾਂ ਦੀ ਟੀਮ ਨੂੰ ਸਿਰਫ ਬੇਅਦਬੀ ਕੇਸਾਂ ਵਿਚ, ਜੋ ਪੰਜਾਬ ਦੇ ਲੋਕਾਂ ਲਈ ਬੇਹੱਦ ਸੰਵੇਦਨਸ਼ੀਲ ਮੁੱਦਾ ਹੈ, ਅਦਾਲਤ ਵਿਚਪੰਜਾਬ ਸਰਕਾਰ ਦਾ ਪੱਖ ਪੇਸ਼ ਕਰਨ ਦਾ ਜ਼ਿੰਮਾ ਸੌਂਪਿਆ ਸੀ ਤੇ ਇਹਕੇਸਰਾਜ ਸਰਕਾਰ ਨੇ ਫੈਸਲਾਕੁੰਨ ਢੰਗ ਨਾਲ ਜਿੱਤਿਆ ਸੀ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਸਿੰਗਲ ਜੱਜ ਦਾ ਇਸ ਬਾਰੇ ਫੈਸਲਾ ਸੁਪਰੀਮ ਕੋਰਟ ਤੱਕ ਸਹੀ ਮੰਨਿਆ ਗਿਆ, ਜਿਸ ਨੇ ਪੰਜਾਬ ਸਰਕਾਰ ਨੂੰ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਸੀ ਬੀ ਆਈ ਜਾਂਚ ਵਾਪਸ ਲੈਣ ਵਿਚ ਮਦਦ ਕੀਤੀ ਅਤੇ ਇਸ ਜਿੱਤ ਦਾ ਸਿਹਰਾ ਐਡਵੋਕੇਟ ਜਨਰਲ ਤੇ ਉਨ੍ਹਾਂ ਦੀ ਟੀਮ ਦੇ ਸਿਰ ਹੈ, ਜਿਨ੍ਹਾਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਕੇਸ ਲੜਿਆ ਅਤੇ ਪਿਛਲੇ ਚਾਰ ਸਾਲਾਂ ਤੋਂ ਇਸ ਕੇਸ ਵਿਚ ਕੋਈ ਕੰਮ ਨਾ ਕਰਨ ਵਾਲੀ ਸੀ ਬੀ ਆਈਨੂੰ 5 ਫਰਵਰੀ 2021 ਨੂੰ ਕੇਸ ਨਾਲ ਸਬੰਧਤ ਸਾਰ-ਾਰਿਕਾਰਡ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪਣਾ ਪਿਆ ਸੀ। ਉਨ੍ਹਾਂ ਕਿਹਾ ਕਿ ਐਡਵੋਕੇਟ ਜਨਰਲ ਤੇ ਉਨ੍ਹਾਂ ਦੀ ਟੀਮ ਦੇ ਠੋਸ ਯਤਨਾਂ ਸਦਕਾ ਉਸ ਕੇਸ ਨੂੰ ਤਰਕਪੂਰਨ ਸਿੱਟੇ ਉੱਤੇ ਲਿਜਾਇਆ ਜਾਵੇਗਾ ਅਤੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਵਿਅਕਤੀਆਂ ਨੂੰ ਸਜ਼ਾ ਦਿਵਾਈ ਜਾਵੇਗੀ।

# ਪਾਕਿਸਤਾਨ ਸਰਕਾਰ ਨੇ ਕੋਰੋਨਾ ਦੇ ਵਧਦੇ ਕੇਸਾਂ ਦਾ ਭਾਂਡਾ ਲੋਕਾਂ ਸਿਰ ਭੰਨਿਆ

ਇਸਲਾਮਾਬਾਦ, 14 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਕੋਰੋਨਾ ਦਾ ਕਹਿਰ ਵਧ ਰਿਹਾ ਹੈ ਤੇ ਅੱਜ ਤਕ ਇਸ ਦੇ ਕੁੱਲ 7,25,602 ਕੇਸਮਿਲ ਚੁੱਕੇ ਹਨ, ਜਦਕਿ 15,501 ਲੋਕਾਂ ਦੀ ਮੌਤ ਹੋ ਚੁੱਕੀ ਹੈ। ਵਰਨਣ ਯੋਗ ਹੈ ਕਿ ਇਸ ਸਾਲ ਫਰਵਰੀ ਤੋਂ ਪਿੱਛੋਂਪਾਕਿਸਤਾਨ ਵਿਚ ਲਗਾਤਾਰ ਕੇਸਾਂ ਵਿੱਚਵਾਧਾ ਹੁੰਦਾ ਜਾ ਰਿਹਾ ਹੈ, ਜਿਸ ਤੋਂ ਸਰਕਾਰ ਪਰੇਸ਼ਾਨ, ਪਰ ਲੋਕ ਲਾਪਰਵਾਹ ਹਨ। ਸਿਹਤ ਦੇ ਕੇਸਾਂਬਾਰੇਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਵਿਸ਼ੇਸ਼ ਸਹਾਇਕ ਡਾਇਰੈਕਟਰ ਫੈਜ਼ਲ ਸੁਲਤਾਨ ਨੇ ਕਿਹਾ ਹੈ ਕਿ ਦੇਸ਼ਦੇ ਸਿਰਫ ਪੰਜ ਫੀਸਦੀ ਲੋਕ ਕੋਰੋਨਾ ਦਾ ਖਤਰਾ ਦੇਖ ਕੇ ਘਰੋਂ ਨਿਕਲਣ ਉੱਤੇ ਮਾਸਕ ਲਾਉਂਦੇ ਹਨ, 95 ਫੀਸਦੀ ਲੋਕ ਕੋਰੋਨਾ ਰੋਕੂ ਨਿਯਮਾਂ ਦੀ ਪਾਲਣਾ ਨਾ ਕਰ ਕੇ ਦੂਸਰੇ ਲੋਕਾਂ ਦੀਆਂ ਜਾਨ ਨਾਲ ਖਿਲਵਾੜ ਕਰਦੇ ਹਨ। ਵਧ ਰਹੇ ਕੋਰੋਨਾ ਕੇਸਾਂ ਉੱਤੇਬਾਰੇ ਪ੍ਰੈੱਸ ਕਾਨਫਰੰਸ ਦੌਰਾਨ ਡਾਇਰੈਕਟਰ ਫੈਜ਼ਲ ਨੇ ਇਹ ਗੱਲ ਕਹੀ ਹੈ। ਪਾਕਿਸਤਾਨ ਦੀ ਅਖਬਾਰ ਦਿ ਡਾਨ ਅਨੁਸ-ਾਰ ਫੈਜ਼ਲ ਨੇ ਕੋਰੋਨਾ ਦੇ ਵਧਦੇ ਕੇਸਾਂ ਲਈ ਸਿੱਧਾ ਲੋਕਾਂ ਨੂੰ ਜ਼ਿੰਮੇਵਾਰ ਦੱਸ ਕੇ ਕਿਹਾ ਕਿ ਲੋਕ ਸਰਕਾਰ ਵੱਲੋਂ ਜਾਰੀ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ ਨੂੰ ਨਹੀਂ ਮੰਨ ਰਹੇ।















# ਮਾਣਯੋਗ ਕੈਥਰੀਨ ਮਕੈਨਾ ਦੀ ਤਰਫੋਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕੀਤਾ 2.2 ਮਿਲੀਅਨ ਡਾਲਰ ਦੀ ਫੰਡਿੰਗ ਦਾ ਐਲਾਨ



ਬਰੈਂਪਟਨ - ਸੋਨੀਆ ਸਿੱਧੂ, ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ, ਨੇ ਕੈਥਰੀਨ ਮਕੈਨਾ, ਬੁਨਿਆਦੀ ਢਾਂਚੇ ਅਤੇ ਕਮਿਊਨਿਟੀਜ਼ ਦੇ ਫੈਡਰਲ ਮੰਤਰੀ ਵੱਲੋਂ ਬਰੈਂਪਟਨ ਲਈ 2.2 ਮਿਲੀਅਨ ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ ਗਿਆ ਹੈ। ਇਹ ਫੰਡਿੰਗ ਡਾਊਨਟਾਊਨ ਵਿਖੇ ਸਥਿਤ ਇਕ ਪ੍ਰਦਰਸ਼ਨਕਾਰੀ ਆਰਟ ਥੀਏਟਰ 'ਦਿ ਰੋਜ਼' ਦੀ ਅਪਗ੍ਰੇਡਸ਼ਨ ਲਈ ਵਰਤੀ ਜਾਣੀ ਹੈ।

ਇਸ ਪ੍ਰੋਜੈਕਟ ਵਿਚ ਕਈ ਤਰ੍ਹਾਂ ਦੇ ਅਪਗ੍ਰੇਡ ਸ਼ਾਮਲ ਹੋਣਗੇ, ਜਿਸ ਵਿਚ ਉਪਰਲੀ ਬਾਲਕੋਨੀ ਵਿਚ ਰੇਲਿੰਗ ਸਥਾਪਤ ਕਰਨਾ, ਵ੍ਹੀਲਚੇਅਰ ਲਿਫਟ, ਐਮਰਜੈਂਸੀ ਅਲਾਰਮ ਅਪਗ੍ਰੇਡ ਕਰਨਾ ਸ਼ਾਮਲ ਹੈ।ਇਸ ਤੋਂ ਇਲਾਵਾ ਥੀਏਟਰ ਲਾਈਟਿੰਗ ਨੂੰ ਐਲਈਡੀ ਤਕਨਾਲੋਜੀ ਵਿਚ ਅਪਗ੍ਰੇਡ ਕਰਨਾ, ਮੌਜੂਦਾ ਸਿਸਟਮ ਦੀ ਆਟੋਮੇਸ਼ਨ, ਅਤੇ ਐਨਾਲੌਗ ਤੋਂ ਡਿਜੀਟਲ ਵਿਚ ਵੀਡੀਓ ਬੁਨਿਆਦੀ ਢਾਂਚੇ ਨੂੰ ਅਪਡੇਟ ਕਰਨਾ ਸ਼ਾਮਲ ਹੋਵੇਗਾ।

ਇਸ ਤੋਂ ਪਹਿਲਾਂ ਵੀ ਬਰੈਂਪਟਨ ਲਈ ਫੈਡਰਲ ਲਿਬਰਲ ਸਰਕਾਰ ਵੱਲੋਂ ਕਈ ਅਹਿਮ ਪ੍ਰਾਜੈਕਟਾਂ ਲਈ ਫੰਡਿੰਗ ਦਾ ਐਲਾਨ ਕੀਤਾ ਗਿਆ ਹੈ, ਜਿੰਨ੍ਹਾਂ 'ਚ ਟ੍ਰਾਂਜ਼ਿਟ ਅਤੇ ਡਾਊਨਟਾਊਨ ਹੱਬ ਲਈ 45.3 ਮਿਲੀਅਨ ਡਾਲਰ, ਯੂਥ ਹੱਬ ਲਈ $565,000 , ਰਾਇਰਸਨ ਸਾਈਬਰਸਿਕਓਰ ਕੈਟਾਲਿਸਟ ਲਈ $660,000 ਅਤੇ ਰਿਵਰਵਾਲਕ ਪ੍ਰਾਜੈਕਟ ਲਈ 38.8 ਮਿਲੀਅਨ ਡਾਲਰ ਦਾ ਨਿਵੇਸ਼ ਸ਼ਾਮਲ ਹੈ।

ਇਸ ਸਬੰਧੀ ਗੱਲ ਕਰਦਿਆਂ ਸੋਨੀਆ ਸਿੱਧੂ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਕਲਾ ਕੇਂਦਰਾਂ ਵਿੱਚ ਨਿਵੇਸ਼ ਸੱਭਿਆਚਾਰਕ ਵਿਭਿੰਨਤਾ ਨੂੰ ਉਤਸ਼ਾਹਤ ਕਰਦਾ ਹੈ। ਉਹਨਾਂ ਨੇ ਕਿਹਾ ਕਿ ਬਰੈਂਪਟਨ ਵਾਸੀਆਂ ਲਈ ਟ੍ਰਾਂਜ਼ਿਟ ਸਹੂਲਤਾਂ 'ਚ ਨਿਵੇਸ਼ ਕਰਨਾ ਹੋਵੇ ਜਾਂ ਨੌਜਵਾਨਾਂ ਨੂੰ ਸਾਈਬਰਸਿਓਰਟੀ ਜਿਹੇ ਜ਼ਰੂਰੀ ਸਕਿੱਲ ਟ੍ਰੇਨਿੰਗ ਲਈ ਫੰਡਿੰਗ ਮੁਹੱਈਆ ਕਰਵਾਉਣੀ ਹੋਵੇ, ਕੈਨੇਡਾ ਫੈਡਰਲ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਵੀ ਸਮੇਂ-ਸਮੇਂ 'ਤੇ ਬਰੈਂਪਟਨ ਲਈ ਕਈ ਅਹਿਮ ਪ੍ਰਾਜੈਕਟਾਂ ਦਾ ਐਲਾਨ ਕੀਤਾ ਗਿਆ ਹੈ, ਜਿਸ ਨਾਲ ਇੱਥੇ ਨਾ ਸਿਰਫ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਬਲਕਿ ਨਿਵੇਸ਼ ਨੂੰ ਵੀ ਹੁਲਾਰਾ ਮਿਲੇਗਾ। ਸੋਨੀਆ ਸਿੱਧੂ ਨੇ ਕਿਹਾ ਕਿ ਉਹ ਭਵਿੱਖ 'ਚ ਬਰੈਂਪਟਨ ਦੇ ਅਹਿਮ ਪ੍ਰਾਜੈਕਟਾਂ ਦੇ ਨਿਵੇਸ਼ ਲਈ ਕੰਮ ਕਰਦੇ ਰਹਿਣਗੇ ਤਾਂ ਜੋ ਆਉਣ ਵਾਲੇ ਸਮੇਂ 'ਚ ਸਥਾਨਕ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਅਤੇ ਨੌਜਵਾਨਾਂ ਨੂੰ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਵਾਏ ਜਾ ਸਕਣ।

## ਕੋਵਿਡ-19 ਵੈਕਸੀਨ ਦੀਆਂ 44 ਮਿਲੀਅਨ ਖੁਰਾਕਾਂ ਜੂਨ ਦੇ ਅੰਤ ਤੱਕ ਪਹੁੰਚਣਗੀਆਂ ਕੈਨੇਡਾ : ਸੋਨੀਆ ਸਿੱਧੂ

ਫੈਡਰਲ ਸਰਕਾਰ ਵੱਲੋਂ ਕੋਵਿਡ-19 ਟੀਕਾਕਰਨ ਤਹਿਤ ਹੁਣ ਤੱਕ 8.1 ਮਿਲੀਅਨ ਤੋਂ ਵੱਧ ਖੁਰਾਕਾਂ ਕੈਨੇਡੀਅਨਾਂ ਤੱਕ ਪਹੁੰਚਾਈਆਂ ਜਾ ਚੁੱਕੀਆਂ ਹਨ ਅਤੇ ਵੱਖੋ-ਵੱਖ ਸੂਬਿਆਂ ਅਤੇ ਪ੍ਰਦੇਸ਼ਾਂ ਨੂੰ 10.5 ਮਿਲੀਅਨ ਤੋਂ ਵੱਧ ਖੁਰਾਕਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਕੈਨੇਡਾ ਦੀ ਟੀਕਾਕਰਨ ਮੁਹਿੰਮ ਤੇਜ਼ ਹੋ ਰਹੀ ਹੈ ਅਤੇ ਕੈਨੇਡਾ ਨੂੰ ਹੁਣ ਸੰਭਾਵਤ ਨਾਲੋਂ 22 ਮਿਲੀਅਨ ਤੋਂ ਵੱਧ ਟੀਕੇ ਮਿਲਣ ਦੀ ਤਿਆਰੀ ਹੈ, ਜਿੰਨ੍ਹਾਂ 'ਚ ਫਾਈਜ਼ਰ, ਮੋਡਰਨਾ ਅਤੇ ਐਸਟਰਾਜ਼ੇਨੇਕਾ ਦੀਆਂ ਕੁੱਲ 44 ਮਿਲੀਅਨ ਖੁਰਾਕਾਂ ਜੂਨ ਦੇ ਅੰਤ ਤੱਕ ਕੈਨੇਡਾ 'ਚ ਪਹੁੰਚ ਜਾਣਗੀਆਂ।

ਅੱਗੇ ਗੱਲਬਾਤ ਕਰਦਿਆਂ ਉਹਨਾਂ ਨੇ ਕਿਹਾ ਕਿ ਹਾਲਾਂਕਿ ਮੁਫਤ, ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਵੈਕਸੀਨ ਖੁਰਾਕਾਂ ਕੈਨੇਡਾ 'ਚ ਪਹੁੰਚ ਰਹੀਆਂ ਹਨ, ਨਾਲ ਹੀ ਸਾਨੂੰ ਇਹ ਵੀ ਯਾਦ ਰੱਖਣਾ ਪਵੇਗਾ ਕਿ ਖਤਰਾ ਅਜੇ ਟਲਿਆ ਨਹੀਂ ਹੈ ਕਿਉਂਕਿ ਹੁਣ ਕੈਨੇਡਾ ਨੂੰ ਮਹਾਂਮਾਰੀ ਦੀ ਤੀਜੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਸਾਨੂੰ ਹੁਣ ਪਹਿਲਾਂ ਨਾਲੋਂ ਵੀ ਵੱਧ, ਸਾਰਿਆਂ ਨੂੰ ਆਪਣੇ ਆਪ ਨੂੰ ਅਤੇ ਆਪਣੇ ਅਜ਼ੀਜ਼ਾਂ ਨੂੰ ਸੁਰੱਖਿਅਤ ਰੱਖਣ ਲਈ ਆਪਣਾ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਹੈ।ਇਸਦਾ ਅਰਥ ਹੈ ਕਿ ਸਥਾਨਕ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਅਤੇ ਸੂਬਾਈ ਪਾਬੰਦੀਆਂ ਦਾ ਪਾਲਣ ਕਰਨਾ, ਅਤੇ ਕੋਵਿਡ ਅਲਰਟ ਐਪ ਦੀ ਵਰਤੋਂ ਜ਼ਰੂਰ ਕਰਨਾ।

ਉਹਨਾਂ ਨੇ ਭਰੋਸਾ ਦਵਾਇਆ ਕਿ ਹਰ ਉਹ ਕੈਨੇਡੀਅਨ ਜੋ ਵੈਕਸੀਨ ਲਗਵਾਉਣਾ ਚਾਹੁੰਦਾ ਹੈ, ਉਸ ਤੱਕ ਸਤੰਬਰ ਤੱਕ ਕੋਵਿਡ-19 ਵੈਕਸੀਨ ਜ਼ਰੂਰ ਉਪਲਬਧ ਕਰਵਾਈ ਜਾਵੇਗੀ।


## ਹਿੰਦ ਦੀ ਚਾਦਰ

ਤੇਗ ਬਹਾਦਰ ,ਹਿੰਦ ਦੀ ਚਾਦਰ,
ਧਰਮ ਦੇ ਰੱਖਿਅਕ,ਗੁਰੂ ਬਹਾਦਰ।
ਦੁਸ਼ਮਣ ਅੱਗੇ ,ਰੁਕੇ ਨਹੀਂ,
ਸਿਰ ਦਿੱਤਾ ਪਰ,ਝੁਕੇ ਨਹੀਂ।
ਡੱਟ ਕੇ ਬੈਠੇ, ਖ਼ੂਬ ਇਕਾਗਰ।
ਤੇਗ ਬਹਾਦਰ ,ਹਿੰਦ ਦੀ ਚਾਦਰ,
ਧਰਮ ਦੇ ਰੱਖਿਅਕ,ਗੁਰੂ ਬਹਾਦਰ।

ਜਦ ਪੰਡਿਤ ਕਸ਼ਮੀਰੋਂ ਆਇਆ
ਧਰਮ ਸਮਝ ਕੇ, ਧਰਮ ਬਚਾਇਆ।
ਜਦ ਹੰਕਾਰਿਆ ਦੇਸ਼ ਦਾ ਹਾਕਮ,
ਤਾਂ ਫਿਰ ਆਪਣਾ ਫਰਜ਼ ਨਿਭਾਇਆ।
ਨਾਂ ਕੋਈ ਉੱਚਾ, ਨਾਂ ਕੋਈ ਨੀਵਾਂ,
ਸਾਰੇ ਹੀ ਹਨ ਧਰਮ ਬਰਾਬਰ।
ਤੇਗ ਬਹਾਦਰ ਹਿੰਦ ਦੀ ਚਾਦਰ,
ਧਰਮ ਦੇ ਰੱਖਿਅਕ ,ਗੁਰੂ ਬਹਾਦਰ।

ਆਉ ਉਹਨਾਂ ਦੀਆਂ ਸਿੱਖਿਆਵਾਂ,
ਸਾਰੇ ਜੱਗ ਦੇ ਵਿੱਚ ਫੈਲਾਈਏ।
ਕੋਈ ਧਰਮ ਨਾ ਮਾੜਾ ਹੁੰਦਾ,
ਏਕੇ ਦਾ ਸੰਦੇਸ਼ ਸੁਣਾਈਏ।
ਪਾੜਨ ਵਿੱਚ ਨਾ ਸਫ਼ਲ ਹੋ ਜਾਵਣ,
ਕਿਧਰੇ ਨਫਰਤ ਦੇ ਸੌਦਾਗਰ।
ਤੇਗ ਬਹਾਦਰ ਹਿੰਦ ਦੀ ਚਾਦਰ,
ਧਰਮ ਦੇ ਰੱਖਿਅਕ ,ਗੁਰੂ ਬਹਾਦਰ।

ਰਾਜਨਦੀਪ ਕੌਰ ਮਾਨ
6239326166



## ਪੈਸਾ ਤੇ ਮਖੌਲ

ਦੋ ਪੈਸੇ ਵਾਧੂ ਹੋਣ ਤਾਂ ਬਹੁਤਾ ਨੀ ਖਰਚ ਕਰੀ ਦਾ,
ਦੌਲਤਾਂ ਵਾਲਾ ਹੋ ਕੇ ਮਾਣ ਨੀ ਕਰੀ ਦਾ,
ਕਦੇ ਕਿਸੇ ਦਾ ਦਿਲ ਨਹੀਂ ਦੁਖਾਈ ਦਾ,
ਪੈਸਾ ਤੇ ਮਖੌਲ ਦੇਖ ਉਡਾਈ ਦਾ ,

ਹੱਸ ਕੇ ਬੁਲਾਉਣਾ ਚਾਹੀਦਾ ਸਭ ਨੂੰ,
ਚੇਤੇ ਰੱਖੀ ਦਾ ਹਰ ਵੇਲੇ ਰੱਬ ਨੂੰ ,
ਔਖੇ ਵੇਲੇ ਸਹਾਰਾ ਹੁੰਦਾ ਹੈ,
ਭਾਈ ਨੂੰ ਹੀ ਭਾਈ ਦਾ,
ਪੈਸਾ ਤੇ ਮਖੌਲ ਦੇਖ ਉਡਾਈ ਦਾ,

ਖੁਸ਼ੀਆਂ ਮਾਣੋ ਜ਼ਿੰਦਗੀ ਫਿਰ ਮਿਲੇ ਜਾਂ ਨਾ ਮਿਲੇ,
ਦਿਲ ਵਿੱਚ ਕੱਢਦੇ ਸਾਰੇ ਗੁੱਸੇ ਗਿੱਲੇ,
ਕਿਸੇ ਦੀ ਕੀਤੀ ਨੇਕੀ ਨੂੰ ਨਹੀਂ ਭੁਲਾਈ ਦਾ ,
ਪੈਸਾ ਤੇ ਮਖੌਲ ਦੇਖ ਉਡਾਈ ਦਾ,

ਨਾ ਕਰੀਏ ਗਰੂਰ ਇਨ੍ਹਾਂ ਬਖਸ਼ ਹੁਨਰ ਮਾਲਕਾ,
ਤੈਨੂੰ ਕਰੀਏ ਯਾਦ ਹਰ ਹਾਲ ਜਰੂਰ ਮਾਲਕਾ,
ਦਿੱਤਾ ਹੈ ਜਿਸ ਨੇ ਸਭ ਨੂੰ ,
ਉਸਦੇ ਅੱਗੇ 'ਭੁਪਿੰਦਰ 'ਸੀਸ਼ ਨਿਵਾਈ ਦਾ,
ਪੈਸਾ ਤੇ ਮਖੌਲ ਦੇਖ ਉਡਾਈ ਦਾ।

ਭੁਪਿੰਦਰ ਕੌਰ, ਪਿੰਡ ਥਲੇਸ਼,ਜਿਲ੍ਹਾ ਸੰਗਰੂਰ, ਮੋਬਾਈਲ 6284310772



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976


PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

CLOSING IN APRIL 2021
Bedroom 4 Bathroom 2+1
Size (Sq.Ft.) 2455 Home Details 42'
EXCLUSIVE FOR SALE IN WOODSTOCK


EXCLUSIVE
JAMES C
CLOSING IN APRIL 2021
Bedroom 4 Bathroom 2+1
Size (Sq.Ft.) 2250 Home Details 36'
3+1 bdrms with finished Basement

Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਅੱਜ ਫੁਲਕਾਰੀ ਤੇ ਬਾਗ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ

ਕਦੇ ਫੁਲਕਾਰੀ ਸੱਭਿਆਚਾਰ ਦਾ ਮੁੱਖ ਅੰਗ ਸੀ।ਅੱਜ ਫੁਲਕਾਰੀ ਕੱਢਣਾ ਅਲੋਪ ਹੋ ਗਿਆ ਹੈ।ਫੁਲਕਾਰੀ ਅੱਜ ਕੱਲ੍ਹ ਜਿਵੇਂ ਇੱਕ ਬੁਝਾਰਤ ਬਣ ਕੇ ਜਾਂ ਫਿਰ ਗੀਤਾਂ ਆਦਿ ਵਿੱਚ ਹੀ ਸਮੋ ਕੇ ਰਹਿ ਗਈ ਹੈ। ਅੱਜ ਕਿਸੇ ਨੇ ਫੁਲਕਾਰੀ ਦੇਖਣੀ ਹੋਵੇ ਤਾਂ ਅਜਾਇਬ ਘਰਾਂ ਵਿੱਚ ਜਾਂ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲਿਸਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਨ ਵਾਲਿਆਂ ਦੀ ਸਟੇਜਾਂ ਤੇ ਫੁਲਕਾਰੀ ਦੀ ਝਲਕ ਮਿਲ ਸਕਦੀ ਹੈ।

ਫੁਲਕਾਰੀ ਕੀ ਹੈ ਫੁਲਕਾਰੀ ਇੱਕ ਤਰ੍ਹਾਂ ਦੀ ਕਢਾਈ ਹੁੰਦੀ ਹੈ ਜੋ ਚੁੰਨੀਆਂ/ਦੁਪੱਟਿਆਂ ਉੱਤੇ ਹੱਥਾਂ ਰਾਹੀਂ ਕੀਤੀ ਜਾਂਦੀ ਹੈ। ਫੁਲਕਾਰੀ ਸ਼ਬਦ "ਫੁੱਲ" ਅਤੇ "ਕਾਰੀ" ਤੋਂ ਬਣਿਆ ਹੈ ਜਿਸਦਾ ਮਤਲਬ ਫੁੱਲਾਂ ਦੀ ਕਾਰੀਗਰੀ। ਫੁਲਕਾਰੀ ਪੰਜਾਬਣ ਦਾ ਕੱਜਣ ਹੈ ਜੋ ਉਸ ਦੇ ਮਨ ਦੇ ਵਲਵਲਿਆਂ, ਰੀਝਾਂ ਅਤੇ ਸਿਰਜਣਸ਼ਕਤੀ ਦਾ ਪ੍ਰਤੀਕ ਰਹੀ ਹੈ। ਫੁਲਕਾਰੀ ਸ਼ਬਦ ਹਰ ਤਰ੍ਹਾਂ ਦੀ ਕਸ਼ੀਦਾਕਾਰੀ ਲਈ ਵਰਤਿਆ ਜਾਂਦਾ ਹੈ। ਇਸ ਦੇ ਸ਼ਾਬਦਕ ਅਰਥ ਹਨ- ਫੁੱਲ ਕਢਣੇ। ਇਹ ਇਕ ਅਜਿਹੀ ਲੋਕ ਕਲਾ ਹੈ ਜਿਸ ਨੂੰ ਪੰਜਾਬੀ ਮੁਟਿਆਰਾਂ ਨੇ ਅਪਣੀ ਅਣਥੱਕ ਮਿਹਨਤ ਅਤੇ ਅਨੋਖੀ ਲਗਨ ਨਾਲ ਨਿਖਾਰਿਆ ਹੈ। ਇਹ ਉਹ ਸੁੱਚੀ ਅਤੇ ਸੱਚੀ ਲੋਕ-ਕਲਾ ਹੈ ਜਿਸ ਦੇ ਇਕ ਇਕ ਧਾਗੇ ਵਿਚ ਪੰਜਾਬਣਾਂ ਨੇ ਅਪਣੀਆਂ ਭਾਵਨਾਵਾਂ ਨੂੰ ਪ੍ਰੋਇਆ ਹੈ।



ਗਗਨਦੀਪ ਧਾਲੀਵਾਲ
ਝਲੂਰ ਬਰਨਾਲਾ

ਵਣਜਾਰਾ ਬੇਦੀ ਦਾ ਕਹਿਣਾ ਹੈ ਕਿ ਫੁਲਕਾਰੀ ਪੰਜਾਂ ਦਰਿਆਵਾਂ ਦੇ ਮੁੜ੍ਹਕੇ ਦੀ ਮਹਿਕ ਹੀ ਨਹੀਂ, ਉਨ੍ਹਾਂ ਦੇ ਨਿਜੀ ਤੇ ਰੰਗੀਲੇ ਸੁਭਾਅ ਦੀ ਛਾਪ ਵੀ ਹੈ।

ਫੁਲਕਾਰੀ ਦੀ ਸ਼ੁਰੂਆਤ ਪੰਜਾਬ ਦੀ ਇਸ ਲੋਕ ਕਲਾ ਦੀ ਸ਼ੁਰੂਆਤ ਕਦੋਂ 'ਤੇ ਕਿੱਥੇ ਹੋਈ ਇਸ 'ਤੇ ਇੱਕ ਝਾਤ ਪਾਉਂਦੇ ਹਾਂ । ਫੁਲਕਾਰੀ ਦੀ ਸ਼ੁਰੂਆਤ ੧੫ਵੀਂ ਸਦੀ ਤੋਂ ਮੰਨੀ ਜਾਂਦੀ ਹੈ 'ਤੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਕਲਾ ਪਰਸ਼ੀਆ ਤੋਂ ਆਈ ।ਜਿੱਥੇ ਇਸ ਕਲਾ ਨੂੰ ਗੁਲਕਾਰੀ ਕਿਹਾ ਜਾਂਦਾ ਹੈ, ਕਲਾ ਦੇ ਇਸ ਬੇਹਤਰੀਨ ਨਮੂਨੇ ਨੂੰ ਖੱਦਰ ਦੇ ਕੱਪੜੇ ਤੇ ਕੱਢਿਆ ਜਾਂਦਾ ਹੈ । ਜਿਸ ਉੱਤੇ ਰੇਸ਼ਮੀ ਧਾਗੇ ਨਾਲ ਕਢਾਈ ਕੀਤੀ ਜਾਂਦੀ ਹੈ ,ਪਹਿਲਾਂ ਪੰਜਾਬ 'ਚ ਫੁਲਕਾਰੀ ਦਾ ਇਸਤੇਮ-ਾਲ ਅੰਦਰ ਬਾਹਰ ਜਾਣ ਵੇਲੇ ਮੁਟਿਆਰਾਂ 'ਤੇ ਨਵ ਵਿਆਹੀਆਂ ਵਲੋਂ ਕੀਤਾ ਜਾਂਦਾ ਸੀ ।

ਫੁਲਕਾਰੀ ਦੀਆਂ ਕਿਸਮਾਂ ਫੁਲਕਾਰੀ ਚਾਰ ਤਰਾਂ ਦੀ ਹੁੰਦੀ ਹੈ ਜਿਸ 'ਚੋਂ ਪਹਿਲੀ ਕਿਸਮ ਹੈ ਬਾਗ-ਬਾਗ ਫੁੱਲਾਂ ਨਾਲ ਕੱਢੀ ਗਈ ਫੁਲਕਾਰੀ ਦਾ ਅਜਿਹਾ ਰੂਪ ਹੁੰਦੀ ਹੈ ਜੋ ਬਹੁਤ ਭਰਵੀਂ ਹੁੰਦੀ ਹੈ ਇਸ ਕਿਸਮ ਦੀ ਫੁਲਕਾਰੀ ਦੇ ਕੱਪੜੇ ਨੂੰ ਫੁੱਲਾਂ ਨਾਲ ਪੂਰੀ ਤਰਾਂ ਭਰਿਆ ਜਾਂਦਾ ਹੈ । ਜਿਸ ਕਰਕੇ ਇਸਨੂੰ ਬਾਗ ਕਿਹਾ ਜਾਂਦਾ ਹੈ । ਦੂਸਰੀ ਕਿਸਮ ਦੀ ਫੁਲਕਾਰੀ ਹੈ ਥਿਰਮਾ -ਇਸ ਕਿਸਮ ਦੀ ਫੁਲਕਾਰੀ ਨੂੰ ਅੱਧਖੜ 'ਤੇ ਬਜ਼ੁਰਗ ਔਰਤਾਂ ਵੱਲੋਂ ਇਸਤੇਮਾਲ ਕੀਤਾ ਜਾਂਦਾ ਹੈ।ਬਾਵਨ ਫੁਲਕਾਰੀ -ਇਸ ਕਿਸਮ ਦੀ ਫੁਲਕਾਰੀ ਦੇ ਇੱਕ ਪੀਸ 'ਤੇ ਅਲੱਗ ਅਲੱਗ ਪੈਟਰਨ ਦੇ ਫੁੱਲ ਬਣਾਏ ਜਾਂਦੇ ਹਨ । ਚੋਭ - ਚੋਭ ਇੱਕ ਕਿਸਮ ਦੀ ਕਿਨਾਰਿਆਂ 'ਤੇ ਕੱਢੀ ਜਾਂਦੀ ਹੈ ਇਹ ਫੁਲਕਾਰੀ ਦੇ ਚਾਰੇ ਚੁਫੇਰੇ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਕੀਤੀ ਜਾਂਦੀ ਹੈ । ਸੋਬਰ ਫੁਲਕਾਰੀ ਲੈਣ ਦੀਆਂ ਸ਼ੌਕੀਨ ਮੁਟਿਆਰਾਂ ਅਕਸਰ ਇਸ ਕਿਸਮ ਦੀ ਫੁਲਕਾਰੀ ਦਾ ਇਸਤੇਮਾਲ ਕਰਦੀਆਂ ਹਨ ।

ਫੁਲਕਾਰੀ ਸੰਬੰਧੀ ਲੋਕ ਗੀਤ- ਫੁਲਕਾਰੀ ਸਾਡੇ ਜੀਵਨ ਦੇ ਬਹੁਤ ਜ਼ਿਆਦਾ ਨੇੜੇ ਹੋਣ ਕਰਕੇ ਆਮ ਹੀ ਸਾਡੇ ਗੀਤਾਂ, ਟੱਪਿਆਂ ਅਤੇ ਬੋਲੀਆਂ ਵਿੱਚ ਵਿਚਰੀ ਜਾਣ ਲੱਗੀ ।ਇਹ ਪੰਜਾਬੀ ਮੁਟਿਆਰਾਂ ਦੀਆਂ ਉਂਗਲਾਂ ਦਾ ਹੀ ਕਮਾਲ ਹੈ ਕਿ ਉਹ ਛੋਟੀ ਜਹੀ ਸੂਈ ਅਤੇ ਧਾਗਿਆਂ ਨਾਲ ਕਲਾ ਦੀ ਅਲੌਕਿਕ ਦੁਨੀਆਂ ਸਿਰਜ ਦੇਂਦੀਆਂ ਹਨ। ਜਦੋਂ ਉਹ ਫੁਲਕਾਰੀ ਕਢਦੀਆਂ ਹਨ ਤਾਂ ਗੀਤਾਂ ਦੇ ਮਿੱਠੇ ਮਿੱਠੇ ਬੋਲ ਵੀ ਉਚਾਰਦੀਆਂ ਹਨ। ਇਨ੍ਹਾਂ ਵਿਚ ਅਨੇਕ ਪ੍ਰਕਾਰ ਦੀਆਂ ਭਾਵਨਾਵਾਂ ਵੀ ਜੁੜੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪੰਜਾਬੀ ਮੁਟਿਆਰਾਂ ਫੁਲਕਾਰੀ ਕੱਢਣ ਸਮੇਂ ਪ੍ਰਗਟਾਉਂਦੀਆਂ ਹਨ। ਜਿਵੇਂ ਕਿ:


ਫੁਲਕਾਰੀ ਮੇਰੀ ਰੇਸ਼ਮੀ, ਰੰਗ ਢੁਕਾਏ ਠੀਕ,
ਛੇਤੀ ਦਰਸ਼ਨ ਦੇਵਣੇ, ਮੈਂ ਰਸਤੇ ਰਹੀ ਉਡੀਕ।

ਫੁਲਕਾਰੀ ਦੇ ਨਾਲ ਨਾਲ ਰੁਮਾਲਾਂ 'ਤੇ ਵੀ ਅਜਿਹੀ ਕਢਾਈ ਕੱਢੀ ਜਾਂਦੀ ਹੈ। ਬੇਬੇ ਨਾਨਕੀ ਦੇ ਹੱਥਾਂ ਨਾਲ ਕਢਿਆ ਰੁਮਾਲ ਡੇਰਾ ਬਾਬਾ ਨਾਨਕ ਵਿਚ ਸੰਭਾਲਿਆ ਪਿਆ ਹੈ ਜੋ ਅਜਿਹੀ ਕਲਾ ਦਾ ਉੱਤਮ ਨਮੂਨਾ ਹੈ। ਕਿਸੇ ਲੋਕ ਗੀਤ ਦੇ ਬੋਲਾਂ ਵਿੱਚ ਫੁਲਕਾਰੀ ਕੱਢਣ ਵਾਲੀ ਮੁਟਿਆਰ ਦੀ ਤੁਲਨਾ ਫੁਲਕਾਰੀ ਦੇ ਸੁੰਦਰ ਫੁੱਲਾਂ ਨਾਲ ਕਰਕੇ ਪੇਸ਼ ਕੀਤਾ ਗਿਆ ਹੈ ਅਤੇ ਉਸ ਮੁਟਿਆਰ ਦੀ ਸਿਫਤ ਵੀ ਇੱਕ ਸੁਚੱਜੀ ਤੇ ਸਿਆਣੀ ਕੁੜੀ ਨਾਲ ਕੀਤੀ ਗਈ ਹੈ। ਜਿਸ ਦੇ ਬੋਲ ਹੇਠ ਲਿਖੇ ਹਨ,

-ਆਰੀ ਆਰੀ ਆਰੀ......
ਹੇਠ ਬਰੋਟੇ ਦੇ, ਇੱਕ ਫੁੱਲ ਕੱਢਦਾ ਫੁਲਕਾਰੀ
ਅੱਖੀਆਂ ਮਿਰਗ ਜਿਹੀਆਂ, ਵਿੱਚ ਕਜਲੇ ਦੀ ਧਾਰੀ
ਨੀਵੀਂ ਨਜ਼ਰ ਰੱਖੇ ਸ਼ਰਮ ਹਯਾ ਦੀ ਮਾਰੀ
ਆਪੇ ਲੈ ਜਾਣਗੇ, ਜਿਨ੍ਹਾਂ ਨੂੰ ਲੱਗੂ ਪਿਆਰੀ

ਫੁਲਕਾਰੀ ਤੇ ਪੰਜਾਬਣ ਦਾ ਸੁਮੇਲਜਦੋਂ ਫੁਲਕਾਰੀ 'ਤੇ ਪੰਜਾਬਣ ਦਾ ਸੁਮੇਲ ਹੁੰਦਾ ਹੈ ਤਾਂ ਵੇਖਣ ਵਾਲੇ ਵੇਖਦੇ ਹੀ ਰਹਿ ਜਾਂਦੇ ਹਨ।ਪੰਜਾਬਣਾਂ ਦੀ ਸ਼ਾਨ 'ਤੇ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੀ ਹੈ ਫੁਲਕਾਰੀ।ਭਾਵੇਂ ਸਮੇਂ ਦੇ ਨਾਲ ਨਾਲ ਪੰਜਾਬਣਾਂ ਦੇ ਪਹਿਰਾਵੇ 'ਚ ਥੋੜਾ ਬਦਲਾਅ ਆਇਆ ਪਰ ਫੁਲਕਾਰੀ ਹਮੇਸ਼ਾ ਹੀ ਪੰਜਾਬਣਾਂ ਦੀ ਪਹਿਲੀ ਪਸੰਦ ਰਹੀ ਹੈ । ਕਿਰਤੀ ਵਰਗ ਦੀਆਂ ਮੁਟਿਆਰਾਂ ਵੱਲੋਂ ਚਿੱਤਰੇ ਆਕਾਰ ਰੰਗ ਰੂਪ ਵਧੇਰੇ ਜੀਵਤ ਹਨ ਕਿਉਂਕਿ ਘਰੋਗੀ ਥੁੜ੍ਹਾਂ ਦੀ ਸੁਪਨਸਾਜ਼ੀ ਕਰਨ ਲਈ ਉਨ੍ਹਾਂ ਕੋਲ ਇੱਕੋ-ਇਕ ਵਸੀਲਾ ਸੀ ਫੁਲਕਾਰੀ। ਫੁਲਕਾਰੀ ਪੰਜਾਬਣਾਂ ਲਈ ਇੱਕ ਗਹਿਣੇ ਵਾਂਗ ਹੁੰਦੀ ਜੋ ਪੀੜੀ ਦਰ ਪੀੜੀ ਅੱਗੇ ਚੱਲਦੀ ਹੈ । । ਪੰਜਾਬ ਦੀ ਇਹ ਲੋਕ ਕਲਾ ਅੱਜ ਪੰਜਾਬ 'ਚ ਹੀ ਸਗੋਂ ਪੂਰੇ ਉੱਤਰ ਭਾਰਤ ਦੀਆਂ ਔਰਤਾਂ ਦੀ ਪਹਿਲੀ ਪਸੰਦ ਬਣੀ ਹੋਈ ਹੈ । ਰੰਗ ਬਿਰੰਗੇ ਫੁੱਲਾਂ ਨਾਲ ਸੱਜੀ ਇਹ ਫੁਲਕਾਰੀ ਪੰਜਾਬੀ ਮੁਟਿਆਰਾਂ ਦੀ ਜ਼ਿੰਦਗੀ 'ਚ ਵੀ ਕਈ ਰੰਗ ਭਰਦੀ ਹੈ ।

ਫੁਲਕਾਰੀ ਦੀ ਸਗਨਾਂ ਲਈ ਵਰਤੋਂ ਸ਼ਗਨਾਂ ਦਾ ਕੋਈ ਵੀ ਮੌਕਾ ਹੋਵੇ ਜਾਂ ਕੋਈ ਤਿੱਥ ਤਿਉਹਾਰ ਫੁਲਕਾਰੀ ਦੀ ਅਹਿਮੀਅਤ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ।





ਪੰਜਾਬਣਾਂ ਦੇ ਫੈਸ਼ਨ 'ਚ ਇਹ ਫੁਲਕਾਰੀ ਚਾਰ ਚੰਨ ਲਗਾਉਂਦੀ ਹੈ ।ਪਹਿਲਾਂ ਫੁਲਕਾਰੀ ਸਿਰਫ ਖੱਦਰ ਦੇ ਕੱਪੜੇ 'ਤੇ ਕੱਢੀ ਜਾਂਦੀ ਸੀ । ਹੁਣ ਹਲਕੇ ਕੱਪੜੇ 'ਚ ਫੁਲਕਾਰੀ ਦੀਆਂ ਕਈ ਵੰਨਗੀਆਂ ਆ ਗਈਆਂ ਹਨ। ਕਿਉਂਕਿ ਇਸ ਨੂੰ ਦਾਨ ਦਹੇਜ 'ਚ ਵੀ ਦਿੱਤਾ ਜਾਂਦਾ ਹੈ ਇਸ ਲਈ ਮਾਂ ਆਪਣੀ ਧੀ ਲਈ 'ਤੇ ਅੱਗੋਂ ਸੱਸ ਵੀ ਆਪਣੀ ਨੂੰਹ ਨੂੰ ਸ਼ਗਨਾਂ ਦੀ ਇਹ ਫੁਲਕਾਰੀ ਦੇਂਦੀ ਹੈ।

ਫੁਲਕਾਰੀ ਅਲੋਪ ਹੁੰਦੀ ਜਾ ਰਹੀ ਹੈਬੇਸ਼ੱਕ ਅੱਜ ਫੁਲਕਾਰੀ ਗੁੰਮਦੀ ਜਾ ਰਹੀ ਹੈ ਪਰ ਸਾਡੇ ਗੀਤਕਾਰਾਂ, ਸ਼ਾਇਰਾਂ ਤੇ ਲੇਖਕਾਂ ਨੇ ਫੁਲਕਾਰੀ ਨੂੰ ਜਿੰਨਾ ਵੀ ਹੋ ਸਕਿਆ ਇਨਸਾਫ਼ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ। ਲੋਕ ਗੀਤਾਂ ਵਿੱਚ ਵੀ ਫੁਲਕਾਰੀ ਆਪਣਾ ਸਥਾਨ ਬੜੀ ਸ਼ਿੱਦਤ ਨਾਲ ਦਰਸਾਂਉਦੀ ਹੈ। ਫੁਲਕਾਰੀ ਆਪਣੇ ਆਖਰੀ ਸਾਹਾਂ ਤੋਂ ਵੀ ਅਗਲੇ ਕਦਮ 'ਤੇ ਜਾ ਚੁੱਕੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਫੁਲਕਾਰੀ ਇੱਕ ਬੁਝਾਰਤ ਬਣ ਕੇ ਰਹਿ ਜਾਵੇਗੀ । ਪਰ ਕਿਸੇ ਵੇਲੇ ਫੁਲਕਾਰੀ ਸਾਡੇ ਜੀਵਨ ਅਤੇ ਸਭਿਆਚਾਰ ਦਾ ਇੱਕ ਮੁੱਖ ਅੰਗ ਹੋਇਆ ਕਰਦੀ ਸੀ । ਇਹ ਪੰਜਾਬੀ ਸ਼ਿਲਪ ਕਲਾ ਦਾ ਅਦਭੁਤ ਨਮੂਨਾ ਹੋ ਕੇ ਮੁਟਿਆਰਾਂ ਦੇ ਰੰਗ ਰੂਪ ਤੇ ਸੁਹੱਪਣ ਨੂੰ ਵੀ ਚਾਰ ਚੰਨ ਲਗਾਇਆ ਕਰਦੀ ਸੀ।ਕਦੇ ਵੇਲਾ ਹੁੰਦਾ ਸੀ ਕਿ ਕੁੜੀਆਂ ਇਕੱਠੀਆਂ ਹੋ ਕੇ ਤ੍ਰਿੰਞਣ ਵਿੱਚ ਬਹਿ ਕੇ ਕੱਤਿਆ ਕਰਦੀਆਂ ਸਨ ਅਤੇ ਕਢਾਈ ਕਰਿਆ ਕਰਦੀਆਂ ਸਨ ਜਿਸ ਵਿੱਚ ਫੁਲਕਾਰੀ ਵੀ ਇੱਕ ਮੁੱਖ ਹੁੰਦੀ ਸੀ।

ਆਧੁਨਿਕ ਸਮੇਂ ਫੁਲਕਾਰੀ ਦਾ ਇਸਤੇਮਾਲਫੁਲਕਾਰੀ ਨੂੰ ਆਧੁਨਿਕ ਤਰੀਕੇ ਨਾਲ ਮੁਟਿਆਰਾਂ ਵੱਲੋਂ ਇਸਤੇਮਾਲ ਕੀਤਾ ਜਾ ਰਿਹਾ ਹੈ । ਵੇਲ ਬੂਟਿਆਂ ਨਾਲ ਸੱਜੀ 'ਤੇ ਸੁਰਖ ਰੰਗਾਂ ਨਾਲ ਕੱਢੀ ਜਾਣ ਵਾਲੀ ਫੁਲਕਾਰੀ ਸਭ ਨੂੰ ਆਪਣੇ ਵੱਲ ਆਕ੍ਰਿਸ਼ਤ ਕਰਦੀ ਹੈ । ਇਸ ਫੁਲਕਾਰੀ 'ਚ ਜ਼ਿੰਦਗੀ ਦੇ ਸਭ ਰੰਗ ਲੁਕੇ ਹੁੰਦੇ ਹਨ , 'ਤੇ ਹਰ ਸ਼ਗਨ ਦੇ ਮੌਕੇ 'ਤੇ ਫੁਲਕਾਰੀ ਦਾ ਇਸਤੇਮਾਲ ਕੀਤਾ ਜਾਂਦਾ ਹੈ।ਕਾਲਜਾਂ ਸਕੂਲਾਂ ਦੀ ਫੋਕੀ ਸ਼ਾਨ ਬਣ ਕੇ ਰਹਿ ਗਈ ਹੈ ਫੁਲਕਾਰੀ।ਸਿਰਫ ਦਿਖਾਵਾ ਹੀ ਰਹਿ ਗਿਆ ਹੈ।

ਬਾਗ ਦਾ ਫੁਲਕਾਰੀ ਨਾਲ ਮੇਲ ਫੁਲਕਾਰੀ ਵਾਂਗ ਬਾਗ ਵੀ ਪੰਜਾਬੀ ਵਿਰਸੇ ਦੀ ਇੱਕ ਬੜੀ ਅਨਮੋਲ ਚੀਜ਼ ਹੋਇਆ ਕਰਦਾ ਸੀ। ਅੱਜ ਇਸ ਦਾ ਬਹੁਤ ਸਾਰੇ ਲੋਕਾਂ ਨੂੰ ਤਾਂ ਪਤਾ ਵੀ ਨਹੀਂ ਹੈ। ਜਿਆਦਾਤਰ ਲੋਕ ਇੱਥੇ ਬਾਗ ਨੂੰ ਫੁੱਲਾਂ ਦਾ ਬਾਗ ਹੀ ਸਮਝਣਗੇ। ਪਰ ਬਾਗ ਵੀ ਫੁਲਕਾਰੀ ਵਰਗਾ ਹੀ ਸਿਰ ਤੇ ਲਿਆ ਜਾਣ ਵਾਲਾ ਇੱਕ ਕੱਪੜਾ ਹੁੰਦਾ ਸੀ ਜੋ ਕਿ ਫੁਲਕਾਰੀ ਨਾਲ ਬਹੁਤ ਜਿਆਦਾ ਮੇਲ ਖਾਂਦਾ ਸੀ। ਫਰਕ ਸਿਰਫ਼ ਇੰਨਾ ਹੁੰਦਾ ਹੈ ਕਿ ਫੁਲਕਾਰੀ ਦੀ ਕਢਾਈ ਕੁਝ ਹੱਦ ਤੱਕ ਵਿਰਲੀ ਹੁੰਦੀ ਹੈ ਅਤੇ ਬਾਗ ਦੀ ਕਢਾਈ ਸੰਘਣੀ ਹੁੰਦੀ ਹੈ। ਸ਼ਾਇਦ ਇਸੇ ਕਰਕੇ ਹੀ ਇਸ ਨੂੰ ਬਾਗ ਕਹਿੰਦੇ ਹਨ। ਕਿਉਂਕਿ ਫੁਲਕਾਰੀ ਦਾ ਨਾਂ ਜਿਸ ਤਰਾਂ ਫੁੱਲਾਂ ਦੀ ਕਿਆਰੀ ਤੋਂ ਫੁਲਕਾਰੀ ਬਣ ਗਿਆ ਇਸੇ ਤਰਾਂ ਹੀ ਬਾਗ ਦਾ ਨਾਂ ਵੀ ਇਸ ਦੀ ਸੰਘਣੀ ਕਢਾਈ ਕਰਕੇ ਬਾਗ ਪੈ ਗਿਆ।

ਬਾਗ ਦੀ ਕਢਾਈ ਜਿੱਥੇ ਸੰਘਣੀ ਹੁੰਦੀ ਹੈ ਉੱਥੇ ਇਸ ਦਾ ਇੱਕ ਹੋਰ ਮੁੱਖ ਪਹਿਲੂ ਇਹ ਹੈ ਕਿ ਇਸ ਦੀ ਕਢਾਈ ਪੁੱਠੇ ਪਾਸਿਉਂ ਕੀਤੀ ਜਾਂਦੀ ਸੀ ਜੋ ਕਿ ਬੜੀ ਕਠਿਨ ਹੁੰਦੀ ਸੀ। ਇੱਕ ਬਾਗ ਨੂੰ ਕਈ ਵਾਰ ਅੱਠ ਦਸ ਮਹੀਨੇ ਜਾਂ ਸਾਲ ਦਾ ਸਮਾਂ ਵੀ ਲੱਗ ਜਾਂਦਾ ਸੀ। ਬਾਗ ਦੀ ਵਰਤੋਂ ਜਿਆਦਾਤਰ ਸ਼ਗਨਾ ਵਾਲੇ ਦਿਨ ਕੀਤੀ ਜਾਂਦੀ ਸੀ। ਸੁਆਣੀਆਂ ਇਸ ਨੂੰ ਬੜੀ ਸ਼ਿੱਦਤ ਨਾਲ ਆਪਣੇ ਤੇ ਓੜਿਆ ਕਰਦੀਆਂ ਸਨ। ਇਸ ਨੂੰ ਕੁੜੀਆਂ ਆਪਣੇ ਦਾਜ ਵਿੱਚ ਵੀ ਇੱਕ ਰਸਮ ਦੇ ਤੌਰ ਤੇ ਸਹੁਰੇ ਘਰ ਲੈ ਕੇ ਜਾਇਆ ਕਰਦੀਆਂ ਸਨ।

ਬਾਗ ਦੀਆਂ ਕਈ ਕਿਸਮਾਂ ਹੋਇਆ ਕਰਦੀਆਂ ਸਨ ਅਤੇ ਲੋੜ ਮੁਤਾਬਿਕ ਇਨਾਂ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ। ਬਾਗ ਦੇ ਰੰਗਾਂ ਬਾਰੇ ਵੀ ਕਿਹਾ ਜਾਂਦਾ ਸੀ ਕਿ ਪੀਲੇ ਰੰਗ ਨੂੰ ਬਹੁਤ ਘੱਟ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ ਕਿਉਂਕਿ ਇਹ ਰੰਗ ਬਹੁਤ ਛੇਤੀ ਫਿਟ ਜਾਂਦਾ ਜਾਂ ਧੋਣ ਸਮੇਂ ਹਰ ਵਾਰੀ ਲੱਥਦਾ ਰਹਿੰਦਾ ਸੀ ਤੇ ਕਿਹਾ ਜਾਂਦਾ ਸੀ ।

ਪੱਟ ਖੱਟਾ ਧੋਵੇਂਗੀ ਤਾਂ ਰੋਵੇਂਗੀ

ਬਾਗ ਦੀ ਕਢਾਈ ਲਾਲ ਕੱਪੜੇ 'ਤੇ ਰੰਗ ਬਰੰਗੇ ਕਢਾਈ ਵਾਲੇ ਧਾਗਿਆਂ ਨਾਲ ਢੱਕ ਕੇ ਬੜੇ ਸਲੀਕੇ ਨਾਲ ਕਢਾਈ ਕੀਤੀ ਜਾਂਦੀ ਸੀ ਜੋ ਬੜੀ ਉੱਭਰਕੇ ਦੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿਚਦੀ ਸੀ। ਪਹਿਲੇ ਸਮਿਆਂ ਵਿੱਚ ਔਰਤਾਂ ਬਾਹਰ ਨਿਕਲਦੇ ਸਮੇਂ ਬਾਗ ਦਾ ਘੁੰਢ ਕੱਢ ਕੇ ਬਾਹਰ ਨਿਕ-ਲਿਆ ਕਰਦੀਆਂ ਸਨ ਇਸ ਨੂੰ ਬਾਡਰ ਵਾਲਾ ਜਾਂ ਫੋਰ ਸਾਈਡਡ ਬਾਗ ਵੀ ਕਹਿੰਦੇ ਸਨ ਅਤੇ ਇਹ ਸਾਹਮਣੇ ਤੋਂ ਕਵਰ ਹੁੰਦਾ ਹੈ। ਇਸ ਤੋਂ ਇਲਾਵਾ ਇੱਕ ਹੋਰ ਕਿਸਮ ਦੇ ਬਾਗ ਵਿੱਚ ਦੋ ਤੋਂ ਪੰਦਰਾਂ ਤੱਕ ਦੇ ਜੁਮੈਟਰੀਕਲ ਡਿਜ਼ਾਈਨ ਹੁੰਦੇ ਹਨ ਜੋ ਵੱਖਰੇ ਵੱਖਰੇ ਤਰੀਕੇ ਨਾਲ ਕੱਪੜੇ ਦੀ ਤਹਿ ਨੂੰ ਢਕ ਲੈਂਦੇ ਹਨ ।

ਅੱਜਕਲ੍ਹ ਬਾਗ ਦਹੇਜ ਵਿੱਚ ਦਿੱਤੀਆਂ ਜਾਣ ਵਾਲੀਆਂ ਗੱਡੀਆਂ ਦੀ ਸ਼ੋਭਾ ਵਧਾਉਂਦਾ ਹੈ ਜਾਂ ਫਿਰ ਬਾਗ ਸ਼ੋਅ ਰੂਮਾਂ ਦੀ ਸਜਾਵਟ ਨੂੰ ਵੀ ਵਧਾਉਂਦਾ ਹੈ।

ਅੱਜ ਫੁਲਕਾਰੀ ਤੇ ਬਾਗ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨਅੱਜ ਫੁਲਕਾਰੀ ਤੇ ਬਾਗ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ ਜਿਸ ਬਾਰੇ ਕਿਸੇ ਤਰਾਂ ਭਰਮ ਭੁਲੇਖਾ ਨਹੀਂ ਹੈ । ਅਸੀਂ ਆਪਣੇ ਵਿਰਸੇ ਅਤੇ ਸਭਿਆਚਾਰ ਤੋਂ ਹੌਲੀ ਹੌਲੀ ਦੂਰ ਹੋਈ ਜਾ ਰਹੇ ਹਾਂ ਜਿਸ ਦਾ ਜ਼ਿੰਮਾ ਸਾਡੇ ਸਿਰ ਪਹਿਲਾਂ ਆਉਂਦਾ ਅਤੇ ਬਾਅਦ ਵਿੱਚ ਬਦਲਦੇ ਸਮੇਂ ਦਾ ਵੀ ਹੱਥ ਹੈ । ਪਰ ਅਸੀਂ ਸ਼ਾਇਦ ਜ਼ਿਆਦਾ ਹੀ ਅਵੇਸਲੇ ਹਾਂ ਅਤੇ ਆਪਣੇ ਵਿਰਸੇ ਨੂੰ ਸਾਂਭਣ ਲਈ ਕਿਸੇ ਤਰਾਂ ਵੀ ਜ਼ਿੰਮੇਵਾਰੀ ਨਹੀਂ ਦਿਖਾਉਂਦੇ ਅਤੇ ਗੁਰਦਾਸ ਮਾਨ ਨੇ ਆਪਣੇ ਗੀਤ ਦੇ ਬੋਲਾਂ ਵਿੱਚ ਬਿਲਕੁਲ ਸੱਚ ਬਿਆਨ ਕੀਤਾ ਹੈ।

ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ
ਕੰਨਾਂ ਵਿੱਚ ਕੋਕਰੂੰ ਤੇ ਵਾਲੀਆਂ ਵੀ ਗਈਆਂ
ਹੁਣ ਚੱਲ ਪਏ ਵਲੈਤੀ ਬਾਣੇ, ਕੀ ਬਣੂ ਦੁਨੀਆਂ ਦਾ
ਸੱਚੇ ਪਾਤਸ਼ਾਹਿ ਵਾਹਿਗੁਰੂ ਜਾਣੇ।


ਗਗਨਦੀਪ ਧਾਲੀਵਾਲ ਝਲੂਰ ਬਰਨਾਲਾ
ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ
9988933161


## ਕਿਉਂ ਹੁਣ ਲੋਕ ਸਭਾ, ਰਾਜ ਸਭਾ ਤੋਂ ਹੱਟ ਕੇ ਬਣਦੀ ਜਾ ਰਹੀ ਹੈ ਦੁਸ਼ਟ ਸਭਾ

ਜੇ ਕਰ ਗੱਲ ਬੀਤੇ ਸਮੇਂ ਦੀ ਕਰੀਏ ਤਾਂ ਇਤਿਹਾਸ ਵਿੱਚ ਲਿਖਿਆ ਮਿਲਦਾ ਹੈ .ਕਿ ਮਹਾਂਭਾਰਤ ਦੀ ਕਹਾਣੀ ਵੀ ਅਜਿਹੀ ਦੁਸਟ ਸਭਾ ਵਿੱਚ ਵਾਪਰੀ ਅਣਮਨੁੱਖੀ ਕਹਾਣੀ ਹੈ। ਉਸ ਸਮੇ ਸਭਾ ਵਿੱਚ ਵੱਡੇ ਵੱਡੇ ਅਹਿਲਕਾਰ, ਅਮੀਰ ਵਜ਼ੀਰ ਅਤੇ ਯੋਧੇ ਹਾਜ਼ਰ ਹਨ। ਭੀਸ਼ਮ ਪਿਤਾਮਾ ਹਾਜ਼ਰ ਹੈ, ਦਰੋਣ-ਾਚਾਰਿਆ ਅਤੇ ਕਰਨ ਵਰਗੇ ਯੋਧੇ ਹਾਜ਼ਰ ਹਨ। ਦਰਯੋਧਨ ਦੇ ਫੈਸਲੇ ਦੇ ਖਿਲਾਫ ਕਿਸੇ ਨੇ ਵੀ ਬੋਲਣ ਦੀ ਹਿੰਮਤ ਕਿਉਂ ਨਹੀਂ ਕੀਤੀ? ਸ਼ਾਇਦ ਅੱਜ ਵਾਂਗ ਹੀ ਸਾਰਿਆਂ ਨੂੰ ਆਪਣੇ ਅਹੁਦੇ ’ਤੇ ਵਜ਼ੀਰੀਆਂ ਪਿਆਰੀਆਂ ਸਨ। ਧ੍ਰਿਤਰਾਸ਼ਟਰ ਆਪਣੇ ਪੁੱਤਰ ਮੋਹ ਵਿੱਚ ਅੰਨ੍ਹਾ ਸੀ। ਅੱਖਾਂ ਦੇਖ ਰਹੀਆਂ ਸਨ, ਪਰ ਬੋਲਿਆ ਕੋਈ ਨਹੀਂ ਅਨਰਥ ਹੁੰਦਾ ਵੇਖਦੇ ਕੇ .ਸਾਰੇ ਹੀ ਦੁਸ਼ਟ ਸਭਾ ਦਾ ਹਿੱਸਾ ਬਣ ਗਏ। ਚੁੱਪ ਰਹਿਣ ਦਾ ਸਿੱਟਾ ਮਹਾਂਭਾਰਤ ਦਾ ਯੁੱਧ ਹੋਇਆ, ਜਿੱਥੇ ਦਸਦੇ ਹਨ ਕਿ ਅਠਾਰਾਂ ਖ਼ੂਹਣੀਆਂ ਸੈਨਾ ਮਾਰੀ ਗਈ।


ਮੁਗਲਾਂ ਦੇ ਸ਼ਾਸਨ ਕਾਲ ਵਿੱਚ ਇੱਕ ਦੁਸ਼ਟ ਸਭਾ ਸਰਹਿੰਦ ਵਿੱਚ ਵੀ ਬੈਠੀ ਸੀ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਦਾ ਕੇਸ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਆਇਆ। ਵਜ਼ੀਰ ਖਾਂ ਸਜ਼ਾ ਦੇਣ ਲਈ ਤਤਪਰ ਸੀ। ਇੱਥੇ ਦੋ ਧਿਰਾਂ ਬਣ ਗਈਆਂ ਅਤੇ ਕਾਜੀ ਸ਼ਰ੍ਹਾ ਦਾ ਫਤਵਾ ਲਾਉਣ ਤੋਂ ਮੁੱਕਰ ਗਿਆ। ਸੁੱਚਾ ਨੰਦ ਵਜ਼ੀਰ ਨੇ ਕਾਜੀ ਨੂੰ ਆਪਣੀਆਂ ਦਲੀਲਾਂ ਨਾਲ ਮਨਾ ਲਿਆ। ਨਵਾਬ ਮਲੇਰਕੋਟਲਾ ਸਭਾ ਵਿੱਚੋਂ ਵਾਕ-ਆਊਟ ਕਰ ਗਿਆ .ਜੋ ਦੁਸ਼ਟ ਸਭਾ ਦਾ ਹਿੱਸਾ ਬਣਨ ਤੋਂ ਬਚ ਗਿਆ ਜਿਸ ਦਾ ਲੋਕ ਅੱਜ ਵੀ ਸਤਿਕਾਰ ਕਰਦੇ ਹਨ । ਬਹੁ-ਸੰਮਤੀ ਅਤੇ ਵਜ਼ੀਰ ਖਾਂ ਦੀ ਇੱਛਾ ਅਨੁਸਾਰ ਸਾਹਿਬਜਾਦਿਆਂ ਨੂੰ ਕੰਧ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ। ਇਸ ਸਭਾ ਦੇ ਇਨ੍ਹਾਂ ਅਨਿਆਈ ਫੈਸਲਿਆਂ ਕਾਰਨ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾ ਸਿੱਖ ਰਾਜ ਸਥਾਪਿਤ ਕੀਤਾ।

ਅੱਜ ਵੀ ਕੇਂਦਰ ਸਰਕਾਰ ਵਿੱਚ ਸਭਾਵਾਂ ਬਣਦੀਆਂ ਅਤੇ ਕੰਮ ਕਰਦੀਆਂ ਹਨ। ਰਾਜ ਸਭਾ ਵਿੱਚ ਰਾਜਿਆਂ ਵੱਲੋਂ ਨਾਮਜ਼ਦ ਲੋਕ ਹੀ ਉੱਚ ਅਹੁਦਿਆਂ ਉੱਤੇ ਪਹੁੰਚਦੇ ਹਨ . ਲੋਕ ਸਭਾ ਵਿੱਚ ਲੋਕਾਂ ਵਲੋਂ ਵੋਟਾਂ ਪਾ ਕੇ ਮੈਂਬਰ ਬਣਾ ਕੇ ਭੇਜਿਆ ਜਾਂਦਾ ਹੈ .ਪਰ ਸਾਡਾ ਦੇਸ਼ ਗਰੀਬ ਅਤੇ ਅਨਪੜ੍ਹ ਹੈ। ਸਿਹਤ ਸੇਵਾਵਾਂ ਵੀ ਚੰਗੀਆਂ ਨਹੀਂ। ਸਭਾਵਾਂ ਦੇ ਮੈਂਬਰ ਬਣਨ ਦੇ ਚਾਹਵਾਨ ਲੋਕ ਆਮ ਲੋਕਾਂ ਦੀ ਗਰੀਬੀ, ਮਜਬੂਰੀ ਅਤੇ ਅਗਿਆਨਤਾ ਦੀ ਕਮਜ਼ੋਰੀ ਦਾ ਲਾਹਾ ਲੈ ਕੇ, ਗਲਤ ਸਾਧਨ ਵਰਤਕੇ, ਸ਼ਰਾਬ ਆਦਿ ਨਸ਼ੇ ਅਤੇ ਪੈਸੇ ਦੇ ਕੇ ਸਭਾਵਾਂ ਦੀਆਂ ਸਾਰੀਆਂ ਪੌੜੀਆਂ ਚੜ੍ਹ ਜਾਂਦੇ ਹਨ। ਸਾਡੇ ਦੇਸ਼ ਵਿੱਚ ਰਾਜਨੀਤੀ ਇੱਕ ਬਹੁਤ ਹੀ ਲਾਹੇਵੰਦ ਕਿੱਤਾ ਬਣ ਗਈ ਹੈ। ਸਭਾਵਾਂ ਦੇ ਮੈਂਬਰਾਂ ਨੇ ਆਪਣੇ ਨਿੱਜੀ ਹਿਤਾਂ ਲਈ ਆਮ ਲੋਕਾਂ ਦੇ ਹਿਤ ਕੁਰਬਾਨ ਕਰ ਦਿੱਤੇ ਹਨ। ਹਰ ਵਰ੍ਹੇ ਤਨਖਾਹਾਂ ਵਿੱਚ ਵਾਧਾ, ਬਿਨਾਂ ਕਿਸੇ ਨਿਸ਼ਚਿਤ ਸਮੇਂ ਲਈ ਕੰਮ ਕਰਨ ਦੇ ਵਾਰ ਵਾਰ ਪੈਨਸ਼ਨ, ਟੈਲੀਫੋਨ, ਸਰਕਾਰੀ ਗੱਡੀਆਂ, ਸਰਕਾਰੀ ਘਰ, ਕੋਟੇ, ਪਰਮਿਟ, ਹੋਰ ਪਤਾ ਨਹੀਂ ਕੀ ਕੁਝ ਆਪਣੇ ਨਾਂ ਲਿਖੀ/ਲਿਖਵਾਈ ਜਾਂਦੇ ਹਨ। ਅਜਿਹਾ ਉੱਜਲ ਭਵਿੱਖ ਦੇਖ ਕੇ ਸਮਾਜ ਦੇ ਘਟੀਆ ਦਰਜੇ ਦੇ ਲੋਫਰ ਬੰਦੇ, ਗੁੰਡਿਆਂ ਦੇ ਸਰਦਾਰ ਬਣਕੇ ਸਮਾਜ ਵਿੱਚ ਦਹਿਸ਼ਤ ਪਾ ਕੇ, ਲੋਕ ਰਾਜ ਦੀ ਭਾਵਨਾ ਦੇ ਉਲਟ ਜਾਤ-ਪਾਤ ਦੀ ਵੰਡ ਦਾ ਰੌਲਾ ਪਾ ਕੇ, ਧਰਮਾਂ ਦੇ ਨਾਂ ’ਤੇ ਭਟਕਾ ਕੇ ਉਨ੍ਹਾਂ ਲੋਕਾਂ ਦੇ ਮਾਲਕ ਬਣ ਬੈਠਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਚੁਣਿਆ ਹੁੰਦਾ ਹੈ। ਫਿਰ ਇਹ ਲੋਕਾਂ ਦੀ ਇੱਕ ਨਹੀਂ ਸੁਣਦੇ। ਗਲਤ ਸਾਧਨਾਂ ਰਾਹੀਂ ਚੁਣੇ ਗਏ ਬੰਦੇ, ਜਿਨ੍ਹਾਂ ਵਿੱਚ ਸੰਜੀਦਗੀ ਅਤੇ ਸਿੱਖਿਆ ਦੀ ਘਾਟ ਹੁੰਦੀ ਹੈ, ਲੋਕ-ਸਭਾ ਦੀਆਂ ਪੌੜੀਆਂ ਚੜ੍ਹਕੇ ਜਦੋਂ ਉੱਚ ਪਦਵੀਆਂ ’ਤੇ ਜਾ ਬੈਠਦੇ ਹਨ ਤਾਂ ਕੁਝ ਇੱਕ ਨੂੰ ਛੱਡਕੇ ਉਹ ਸਭਾ, ਦੁਸ਼ਟ ਸਭਾ ਹੀ ਬਣ ਜਾਂਦੀ ਹੈ। ਫੇਰ ਦੁਸ਼ਟ ਸਭਾ ਜਿਹੜੇ ਫਰਮਾਨ ਜਾਰੀ ਕਰੇਗੀ, ਉਹ ਲੋਕ-ਹਿਤੂ ਨਹੀਂ, ਲੋਕ ਵਿਰੋਧੀ ਹੋਣਗੇ। ਜੋ ਅੱਜ ਸਾਡੇ ਸਾਹ-ਮਣੇ ਵਾਪਰ ਰਿਹਾ ਹੈ। ਕਦੇ ਨੋਟਬੰਦੀ, ਕਦੇ ਧਾਰਾ 370, ਆਰ. ਬੀ. ਆਈ. ਦੇ ਗਵਰਨਰ ਦੀ ਨਿਯੁਕਤੀ, ਕਰੋਨਾ ਦੇ ਨਾਂ ’ਤੇ ਨਾਦਰਸ਼ਾਹੀ ਫੁਰਮਾਨ , ਖੇਤੀ ਸਬੰਧੀ ਕਾਲੇ ਕਾਨੂੰਨ, ਇਹ ਵੀ ਤਾਂ ਇੱਕ ਦੁਸ਼ਟ ਸਭਾ ਦਾ ਨਤੀਜ਼ਾ ਹੈ।

ਜਿਸ ਕਰਕੇ ਭਾਰਤ ਦਾ ਮਾਣ ਬਾਹਰਲੇ ਦੇਸ਼ਾਂ ਵਿੱਚ ਘਟਿਆ ਹੈ। ... ਨੇ ਵੀ ਨੋਟਿਸ ਲਿਆ ਹੈ। ਵੱਡੇ ਦੇਸ਼ਾਂ ਨੇ ਕਿਸਾਨ ਘੋਲ ਦੀ ਹਿਮਾਇਤ ਕੀਤੀ ਹੈ। ਪ੍ਰਧਾਨ ਮੰਤਰੀ ਆਪਣੇ ਟੋਲੇ ਨਾਲ ਰਲ ਕੇ ਕਨੂੰਨ ਵਾਪਿਸ ਨਾ ਕਰਨ ਦੀ ਜਿੱਦ ਉਤੇ ਅੜ੍ਹਿਆ ਹੋਇਆ ਹੈ । ਖੇਤੀ ਮੰਤਰੀ ਵੀ ਇਸ ਮਸਲੇ ਤੇ ਨਾਲ ਇਨਸਾਫ ਨਹੀਂ ਕਰ ਸਕਿਆ। ਪ੍ਰਧਾਨ ਮੰਤਰੀ ਤਾਂ ਅੱਜ ਤਾਈਂ ਕਾਨੂੰਨਾਂ ਸਬੰਧੀ ਇੱਕ ਵੀ ਪਰੈੱਸ-ਕਾਨਫਰੰਸ ਨਹੀਂ ਕਰ ਸਕਿਆ। ਲੀਡਰ ਨੂੰ ਦੇਸ਼ ਦੇ ਲੋਕਾਂ ਨਾਲ ਬਿਲਕੁਲ ਹੀ ਪਿਆਰ ਨਹੀਂ ਰਿਹਾ .ਲੀਡਰ ਕੁਰਸੀਆਂ ਦੇ ਭੁੱਖੇ ਮੋਦੀ ਦੇ ਗੁਣਗਾਨ ਗਾਈ ਜਾ ਰਹੇ ਹਨ .ਮੋਦੀ ਕਾਰਪੋਰੇਟ ਘਰਾਣਿਆਂ ਅਗੇ ਵਿੱਕਿਆ ਹੋਇਆ ਹੈ .ਹੁਣ ਕਿਸੇ ਨੂੰ ਕੀ ਆਖੀਐ ‘ਤਖਤ ਬਹੈ ਤਖਤੈ ਕੀ ਲਾਇਕ’ ਵੱਲ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ। ਆਪਣੀਆਂ ਖੁਦ ਗਰਜੀਆਂ ਕਾਰਨ ਹਲੇਮੀ ਰਾਜ ਦੇ ਸੰਕਲਪ ਨੂੰ ਭੁਲਾ ਦਿੱਤਾ। ‘ਦੁਸ਼ਟ ਸਭਾ’ ਨੇ ਜੋ ਕਰਨਾ ਸੀ ਕਰ ਲਿਆ। ਕੇਂਦਰ ਦੇ ਕਾਲੇ ਕਾਨੂੰਨਾਂ ਵਿੱਚ ਹਿੱਸਾ ਪਾ ਕੇ ਕਾਨੂੰਨਾਂ ਦਾ ਪ੍ਰਚਾਰ ਵੀ ਕਰ ਲਿਆ ਤੇ ਉਨ੍ਹਾਂ ਦੇ ਵਿਰੋਧ ਵਿੱਚ ਸੱਚੇ ਵੀ ਹੋ ਰਹੇ ਹਨ । ਮੰਨਣਾ ਤਾਂ ਨਹੀਂ ਕਿਸੇ ਨੇ ਕਿਉਂਕਿ ‘ਮਾਇਆਧਾਰੀ ਅਤਿ ਅੰਨ੍ਹਾ ਬੋਲਾ’ ਪਰ ਪਹਿਰੇਦਾਰ ਦਾ ਕੰਮ ਹੈ ਹੋਕਾ ਦੇਣਾ। ਸੋ ਸਾਡੀ ਦਿੱਲੀ ਦੀ ਦੁਸ਼ਟ ਸਭਾ ਨੇ ਦੇਸ਼ ਵਿੱਚ ਅਰਾਜਕਤਾ ਫੈਲਾ ਦਿੱਤੀ ਹੈ। ਲੁੱਟ ਕੇ ਖਾਣ ਵਾਲਿਆਂ ਦੇ ਰਾਜ ਵਿੱਚ ਸਭਾ ਬਣ ਜਾਂਦੀ ਹੈ ‘ਦੁਸ਼ਟ ਸਭਾ’। ਦੁਸ਼ਟ ਸਭਾ ਨੇ ਦੁਸ਼ਟਾਂ ਲਈ ਹੀ ਕੰਮ ਕਰਨਾ ਹੁੰਦਾ ਹੈ, ਜੋ ਅੱਜ ਹੋ ਰਿਹਾ ਹੈ। ਜੇਕਰ ਲੋਕ ਸਭਾ ਤੇ ਰਾਜ ਸਭਾ ਦੁਸਟ ਸਭਾ ਨਾ ਬਣਦੀਆਂ ਤੇ ਅੱਜ ਕਿਸਾਨ ਦਿੱਲੀ ਦੀਆਂ ਸੜਕਾਂ ਤੇ ਨਹੀਂ ਰੁਲਣੇ ਸੀ .ਕਿਸੇ ਵੀ ਮੰਤਰੀ ਜਾਂ ਮੈਂਬਰ ਨੇ ਹਾਅ ਦਾ ਨਾਹਰਾ ਨਹੀਂ ਮਾਰਿਆ .ਕੀ ਕਿਸਾਨ ਵੀ ਆਪਣੇ ਹੀ ਦੇਸ਼ ਦੇ ਨਾਗਰਿਕ ਹਨ .ਇਹਨਾਂ ਦੀ ਆਵਾਜ਼ ਜ਼ਰੂਰ ਸੁਣੋ .ਬੜੀ ਹੈਰਾਨੀ ਵਾਲੀ ਗੱਲ ਹੈ ਕਿ ਸਮੁੱਚੇ ਦੇਸ਼ ਦੀਆਂ ਦੋਵੇਂ ਸਭਾਵਾਂ ਦੇ ਮੈਂਬਰ ਕਿਵੇਂ ਮੋਦੀ ਦੇ ਮੰਤਰ ਵਿੱਚ ਮੁਗਧ ਹੋ ਕੇ ਬੈਠੇ ਹਨ .ਕਿਸੇ ਦੇ ਕੰਨਾਂ ਤੇ ਜੂਅ ਨਹੀਂ ਸਰਕ ਰਹੀ .ਕੀ ਕਿਸਾਨ ਅੰਦੋਲਨ ਦਾ ਹਲ ਕਰਨ ਵਾਸਤੇ ਕੋਈ ਵੀ ਪਹਿਲ ਨਹੀਂ ਕਰੇਗਾ।


ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ (ਫਿਰੋਜ਼ਪੁਰ )7589155501


# ਖੇਡ ਦੁਨੀਆਂ ਵਿੱਚ ਮਹਿਲਾ ਖਿਡਾਰੀਆਂ ਨੂੰ ਆਉਣ ਵਾਲੀਆਂ ਚੁਣੌਤੀਆਂ



ਡਾ. ਜਸਵਿੰਦਰ ਸਿੰਘ ਬਰਾੜ
ਖੇਡ ਲੇਖਕ

"ਸਭ ਤੋਂ ਵੱਡੀ ਗੱਲ ਆਪਣੀ ਜ਼ਿੰਦਗੀ ਦੇ ਨਾਇਕ ਬਣੋ ਨਾ ਕਿ ਪੀੜਤ" ਨੋਰਾ ਐਫਰਨ ਦੁਆਰਾ ਔਰਤਾਂ ਲਈ ਲਿਖੀ ਹੋਈ ਗੱਲ ਨੂੰ ਪੂਰਾ ਕਰਨ ਲਈ ਅੱਜ ਦੀ ਦੁਨੀਆ ਵਿਚ ਬਹੁਤ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਨਾ ਪੈਂਦਾ ਹੈ ਤਾਂ ਕਿਤੇ ਜਾ ਕੇ ਕੋਈ ਔਰਤ ਆਪਣੇ ਆਪ ਲਈ ਅਤੇ ਦੂਜਿਆਂ ਲਈ ਨਾਇਕ ਬਣਦੀ ਹੈ। ਅੱਜ ਆਪਾਂ ਇਸ ਲੇਖ ਰਾਹੀਂ ਜ਼ੰਦਗੀ ਦੇ ਇੱਕ ਹਿੱਸੇ ਦੀਆਂ ਚੁਣੌਤੀਆਂ ਬਾਰੇ ਗੱਲ ਕਰਾਂਗੇ ਜਿਸ ਨੂੰ ਪਾਰ ਕਰ ਕੇ ਇੱਕ ਔਰਤ ਖੇਡਾਂ ਦੀ ਦੁਨੀਆਂ ਦੀ ਨਾਇਕ ਬਣਦੀ ਹੈ ।

ਅੱਜ ਇੱਕੀਵੀਂ ਸਦੀ ਜਿੱਥੇ ਟੈਕਨਾਲੋਜੀ ਨੇ ਰੋਬੋਟ ਤੋਂ ਰੋਜ਼ਾਨਾ ਜ਼ਿੰਦਗੀ ਦੇ ਕੰਮ ਕਰਾਉਣੇ ਸਿੱਖ ਲਏ ਹਨ ਅਜਿਹੇ ਦੌਰ ਦੇ ਵਿੱਚ ਵੀ ਮਰਦ ਪ੍ਰਧਾਨ ਵਾਲੀ ਧਾਰਨਾ ਨੇ ਸਾਡਾ ਪਿੱਛਾ ਨਹੀਂ ਛੱਡਿਆ । ਅੱਜ ਵੀ ਬਹੁਤ ਸਾਰੇ ਇਲਾਕਿਆਂ ਵਿੱਚ ਔਰਤ ਨੂੰ ਕੇਵਲ ਘਰ ਵਿੱਚ ਕੰਮ ਕਰਨ ਵਾਲੀ, ਬੱਚੇ ਪੈਦਾ ਕਰਨ ਅਤੇ ਪਰਿਵਾਰ ਦੀਆਂ ਜ਼ੰਮਿਵਾਰੀਆਂ ਤੋਂ ਬਾਹਰ ਨਹੀਂ ਆਉਣ ਦਿੱਤਾ ਜਾਂਦਾ ਇਹੀ ਹਾਲ ਖੇਡਾਂ ਦੇ ਖੇਤਰ ਵਿੱਚ ਹੈ ਜਿੰਨਾ ਸਮਾਂ ਕੋਈ ਔਰਤ ਖਿਡਾਰੀ ਚੰਗੇ ਲੈਵਲ ਦਾ ਕੋਈ ਮੁਕਾਮ ਹਾਸਲ ਨਹੀਂ ਕਰ ਲੈਂਦੀ ਉਨ੍ਹਾਂ ਟਾਈਮ ਉਸ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਸੇ ਮੁਕਾਮ ਨੂੰ ਹਾਸਲ ਕਰਨ ਲਈ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਕਈ ਗੁਣਾ ਵੱਧ ਚੁਣੌਤੀਆਂ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਖੇਡਾਂ ਦੇ ਖੇਤਰ ਵਿੱਚ ਕਾਮਯਾਬ ਹੋਣਾ ਆਪਣੇ ਆਪ ਅਤੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨ ਦੇ ਸੁਪਨੇ ਲੈ ਕੇ ਲੱਖਾਂ ਕੁੜੀਆਂ ਇਸ ਖੇਤਰ ਵਿੱਚ ਭਾਗ ਲੈਂਦੀਆਂ ਹਨ ਪਰ ਇਸ ਰਸਤੇ ਦੇ ਕੰਢੇ, ਰੋੜੇ, ਟੋਏ ਵਰਗੀਆਂ ਰੁਕਾਵਟਾਂ ਜਿਵੇਂ ਲੋਕਾਂ ਦੀਆਂ ਨਜ਼ਰਾਂ, ਕੁੜੀਆਂ ਨੂੰ ਘਰੋਂ ਬਾਹਰ ਨਾ ਆਉਣ ਦੇਣਾ, ਸਰੀਰਕ ਸ਼ੋਸ਼ਣ, ਗਰਾਊਂਡਾਂ ਦੀ ਘਾਟ, ਕੋਚਾਂ ਦੀ ਘਾਟ, ਲੜਕੀਆਂ ਲਈ ਕੋਈ ਵੱਖਰਾ ਇੰਤਜ਼ਾਮ ਨਾ ਹੋਣਾ, ਮੁਕਾਬਲਿਆਂ ਦੀ ਘਾਟ ਬਹੁਤ ਸਾਰੀਆਂ ਮੁਸੀਬਤਾਂ ਸੁਪਨੇ ਪੂਰੇ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਰਸਤਿਆਂ ਤੋਂ ਲੱਖਾਂ ਕੁੜੀਆਂ ਆਪਣੇ ਰਾਹ ਬਦਲ ਲੈਂਦੀਆਂ ਹਨ।

ਇਹ ਪੱਕਾ ਹੈ ਕਿ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਹਰ ਖੇਤਰ ਵਿਚ ਕਾਮਯਾਬ ਹੋਣ ਲਈ ਬਹੁਤ ਸਾਰੀਆਂ ਵੱਖਰੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਮਰਦਾਂ ਨੂੰ ਨਹੀਂ ਕਰਨਾ ਪੈਂਦਾ ਜਿਵੇਂ ਕਿ ਬਾਹਰ ਨਿਕਲਣ ਤੋਂ ਪਹਿਲਾਂ ਕੱਪੜਿਆਂ ਦਾ ਪਹਿਰਾਵਾ, ਸਰੀਰਕ ਸ਼ੋਸ਼ਣ ਲੋਕਾਂ ਦੀਆਂ ਗੰਦੀਆਂ ਨਜ਼ਰਾਂ, ਪਰਿਵਾਰ ਦੀਆਂ ਜ਼ੰਮਿਵਾਰੀਆਂ, ਬੱਚੇ ਪੈਦਾ ਕਰਨਾ, ਸਰੀਰਕ ਵਿਭਿੰਨਤਾਵਾਂ ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ ਉਸੇ ਤਰੀਕੇ ਨਾਲ ਖੇਡਾਂ ਵਿੱਚ ਵੀ ਇਨ੍ਹਾਂ ਸਾਰੀਆਂ ਰੁਕਾਵਟਾਂ ਤੋਂ ਬਿਨਾਂ ਬਹੁਤ ਸਾਰੀਆਂ ਵੱਖਰੀਆਂ ਰੁਕਾਵਟਾਂ ਹਨ ਜੋ ਔਰਤਾਂ ਨੂੰ ਕਾਮਯਾਬ ਹੋਣ ਵਿਚ ਰੁਕ-ਾਵਟ ਪੈਦਾ ਕਰਦੀਆਂ ਹਨ। ਇਨ੍ਹਾਂ ਰੁਕਾਵਟਾਂ ਕਰਕੇ ਬਹੁਤ ਸਾਰੀਆਂ ਹੋਣਹਾਰ ਖਿਡਾਰਨਾਂ ਜੋ ਆਉਣ ਵਾਲੇ ਸਮੇਂ ਵਿਚ ਆਪਣੇ ਦੇਸ਼ ਅਤੇ ਆਪਣੇ ਇਲਾਕੇ ਦਾ ਨਾਮ ਰੌਸ਼ਨ ਕਰ ਸਕਦੀਆਂ ਹਨ ਉਨ੍ਹਾਂ ਨੂੰ ਖੇਡਾਂ ਵਿਚ ਭਾਗ ਹੀ ਨਹੀਂ ਲੈਣ ਦਿੱਤਾ ਜਾਂਦਾ ।

ਬਹੁਤ ਸਾਰੇ ਵਿਗਿਆਨੀ ਜਾਂ ਖੇਡ ਨਿਰੀਖਕ ਤਾਂ ਇੱਥੋਂ ਤਕ ਕਹਿ ਦਿੰਦੇ ਹਨ ਕਿ ਔਰਤਾਂ ਦਾ ਸਰੀਰ ਖੇਡਾਂ ਲਈ ਬਣਿਆ ਹੀ ਨਹੀਂ ਪਰ ਬਹੁਤ ਸਾਰੀਆਂ ਔਰਤਾਂ ਨੇ ਮਰਦਾਂ ਦੇ ਬਰਾਬਰ ਖੇਡ ਕੇ ਇਸ ਧਾਰਨਾ ਨੂੰ ਗ਼ਲਤ ਕਰ ਦਿੱਤਾ ਹੈ। ਔਰਤਾਂ ਨੂੰ ਖੇਡਾਂ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਰੁਕਾਵਟਾਂ ਆਉਂਦੀਆਂ ਹਨ ਆਪਾਂ ਇਸ ਲੇਖ ਵਿੱਚ ਉਨ੍ਹਾਂ ਨੂੰ ਵਿਸਥਾਰ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕਰਾਂਗੇ। ਸਭ ਤੋਂ ਪਹਿਲਾਂ ਜੇ ਗੱਲ ਸਰੀਰਕ ਰੁਕਾਵਟਾਂ ਦੀ ਕਰੀਏ ਤਾਂ ਮਰਦਾਂ ਦੇ ਮੁਕਾਬਲੇ ਔਰਤਾਂ ਦਾ ਸਰੀਰ ਵੱਖਰਾ ਹੁੰਦਾ ਹੈ ਕਿਉਂਕਿ ਔਰਤਾਂ ਨੇ ਬੱਚੇ ਪੈਦਾ ਕਰਨੇ ਹੁੰਦੇ ਹਨ ਜੋ ਕੁਦਰਤ ਦਾ ਨਿਯਮ ਹੈ ਇਸ ਕਰਕੇ ਔਰਤਾਂ ਦਾ ਸਰੀਰਕ ਢਾਂਚਾ ਕਾਫ਼ੀ ਹੱਦ ਤਕ ਮਰਦਾਂ ਦੇ ਮੁਕਾਬਲੇ ਵੱਖਰਾ ਹੁੰਦਾ ਹੈ । ਇਸ ਵੱਖਰੇ ਢਾਂਚੇ ਕਰਕੇ ਬਹੁਤ ਸਾਰੀਆਂ ਕਿਰਿਆਵਾਂ ਖੇਡਾਂ ਵਿੱਚ ਉਹ ਮਰਦਾਂ ਵਾਂਗ ਭਾਗ ਨਹੀਂ ਲੈ ਸਕਦੀਆਂ ਔਰਤਾਂ ਦੇ ਸੈਂਟਰ ਆਫ ਗ੍ਰੈਵਿਟੀ ਮਰਦਾਂ ਦੇ ਮੁਕਾਬਲੇ ਨੀਵੀਂ ਹੋਣ ਕਰਕੇ ਲੱਤਾਂ ਦਾ ਲੰਬਾਈ ਘੱਟ ਹੁੰਦੀ ਹੈ। ਇਸ ਤੋਂ ਇਲਾਵਾ ਕੁਦਰਤ ਦੇ ਨਿਯਮ ਮੁਤਾਬਕ ਔਰਤਾਂ ਨੂੰ ਹਰ ਮਹੀਨੇ ਮਹਾਂਵਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਔਰਤਾਂ ਨੂੰ ਖੇਡ ਕਿਰਿਆਵਾਂ ਲਈ ਸਭ ਤੋਂ ਵੱਧ ਰੁਕਾਵਟ ਹੈ ।



ਇਨ੍ਹਾਂ ਦਿਨਾਂ ਵਿਚ ਔਰਤ ਨੂੰ ਪ੍ਰੈਕਟਿਸ ਅਤੇ ਖੇਡਾਂ ਤੋਂ ਵਾਂਝੇ ਰਹਿਣਾ ਪੈਂਦਾ ਹੈ ਇਸ ਤੋਂ ਇਲਾਵਾ ਜੇਕਰ ਮੁਕਾਬਲੇ ਦੇ ਦਿਨਾਂ ਵਿਚ ਇਹ ਸਮੱਸਿਆ ਆ ਜਾਂਦੀ ਹੈ ਤਾਂ ਉਹ ਖੇਡ ਦਾ ਚੰਗਾ ਪ੍ਰਦਰਸ਼ਨ ਨਹੀਂ ਕਰ ਸਕਦੀ । ਇਸ ਨਾਲ ਸਰੀਰਕ ਕਮਜ਼ੋਰੀ ਅਤੇ ਚਿੜਚਿੜਾਪਣ ਆਉਣ ਕਾਰਨ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਬੱਚਿਆਂ ਨੂੰ ਖੁਰਾਕ ਦੇਣ ਲਈ ਔਰਤਾਂ ਦੀ ਛਾਤੀ ਮਰਦਾਂ ਦੇ ਮੁਕਾਬਲੇ ਜ਼ਿਆਦਾ ਹੋਣ ਕਾਰਨ ਬਹੁਤ ਸਾਰੀਆਂ ਐਕਸਰਸਾਈਜ਼ ਅਤੇ ਖੇਡਾਂ ਖੇਡਣ ਵਿਚ ਸਮੱਸਿਆ ਆਉਂਦੀ ਹੈ । ਇਹ ਤਾਂ ਸਨ ਕੁਝ ਸਰੀਰਕ ਰੁਕਾਵਟਾਂ ਜਿਨ੍ਹਾਂ ਤੋਂ ਅਸੀਂ ਜ਼ਿਆਦਾ ਕੁਝ ਨਹੀਂ ਕਰ ਸਕਦੇ ਕਿਉਂਕਿ ਇਹ ਕੁਦਰਤੀ ਵਰਤਾਰਾ ਹੈ। ਸਰੀਰਕ ਰੁਕਾਵਟਾਂ ਤੋਂ ਬਾਅਦ ਹੁਣ ਅਸੀਂ ਮਾਨਸਿਕ ਰੁਕਾਵਟਾਂ ਦੀ ਜੇ ਗੱਲ ਕਰੀਏ ਤਾਂ ਮਰਦਾਂ ਨਾਲੋਂ ਔਰਤਾਂ ਜ਼ਿਆਦਾ ਭਾਵੁਕ ਹੁੰਦੀਆਂ ਹਨ। ਜਿਸ ਕਾਰਨ ਉਹ ਖੇਡਾਂ ਵਿੱਚ ਥੋੜ੍ਹੀ ਜਿਹੀ ਮੁਸੀਬਤ ਆਉਣ ਤੇ, ਸੱਟ ਲੱਗਣ ਤੇ, ਘਰੇਲੂ ਸਮੱਸਿਆ ਆਉਣ ਤੇ ਕਿਸੇ ਦੀ ਕੀਤੀ ਗਲਤ ਟਿੱਪਣੀ ਕਰਕੇ ਬਹੁਤ ਜਲਦੀ ਭਾਵੁਕ ਹੋ ਹੋ ਜਾਂਦੀਆਂ ਹਨ ਇਨ੍ਹਾਂ ਸਮੱਸਿਆਵਾਂ ਵਿੱਚੋਂ ਨਿਕਲਣ ਲਈ ਔਰਤਾਂ ਨੂੰ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਤੋਂ ਬਿਨਾਂ ਬਹੁਤ ਸਾਰੀਆਂ ਸਮਾਜ ਦੁਆਰਾ ਤਿਆਰ ਕੀਤੀਆਂ ਹੋਈਆਂ ਸਮੱਸਿਆਵਾਂ ਹਨ ਜਿਨ੍ਹਾਂ ਨਾਲ ਔਰਤਾਂ ਨੂੰ ਹਮੇਸ਼ਾ ਲੜਨਾ ਪੈਂਦਾ ਹੈ ਤਾਂ ਕਿਤੇ ਜਾ ਕੇ ਉਹ ਆਪਣੀ ਮੰਜ਼ਲਿ ਤਕ ਪਹੁੰਚਦੀਆਂ ਹਨ। ਜਿਵੇਂ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਮੁਕਾਬਲੇ ਬਹੁਤ ਘੱਟ ਹੋਣਾ ਜਿੱਥੇ ਉਹ ਆਪਣੀ ਖੇਡ ਦਾ ਪ੍ਰਦਰਸ਼ਨ ਕਰ ਸਕਣ ਸਾਡਾ ਸਮਾਜ ਮਰਦਾਂ ਦੇ ਮੁਕਾਬਲੇ ਦੇਖਣਾ ਜ਼ਿਆਦਾ ਪਸੰਦ ਕਰਦਾ ਹੈ । ਜਿਸ ਕਾਰਨ ਔਰਤਾਂ ਦੇ ਖੇਡ ਮੁਕਾਬਲਿਆਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਜੇਕਰ ਵਿੱਤੀ ਸਮੱਸਿਆਵਾਂ ਦੀ ਗੱਲ ਕਰਾਂ ਤਾਂ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਇਨਾਮੀ ਰਾਸ਼ੀ ਅਤੇ ਖੇਡ ਪ੍ਰਬੰਧਨ ਤੇ ਖ਼ਰਚਾ ਨਾਂਮਾਤਰ ਹੀ ਹੁੰਦਾ ਹੈ ਉਦਹਾਰਣ ਦੇ ਤੌਰ ਤੇ ਜੇ ਮਰਦਾਂ ਦੇ ਕ੍ਰਿਕਟ ਵਰਲਡ ਕੱਪ ਦਾ ਮੁਕਾਬਲਾ ਔਰਤਾਂ ਦੇ ਵਰਲਡ ਕੱਪ ਨਾਲ ਕੀਤਾ ਜਾਵੇ ਤਾਂ ਮਰਦਾਂ ਨੂੰ ਇਕ ਖਿਡਾਰੀ ਨੂੰ ਮਿਲਣ ਵਾਲੇ ਪੈਸਿਆਂ ਦੇ ਮੁਕਾਬਲੇ ਮਹਿਲਾਵਾਂ ਦੀ ਸਾਰੀ ਟੀਮ ਨੂੰ ਓਨੇ ਪੈਸੇ ਦਿੱਤੇ ਜਾਂਦੇ ਹਨ। ਦੇਖਿਆ ਜਾਵੇ ਤਾਂ ਕੋਈ ਵੀ ਅਖ਼ਬਾਰ ਟੀਵੀ ਚੈਨਲ ਜਾਂ ਹੋਰ ਕੋਈ ਅਦਾਰਾ ਔਰਤਾਂ ਦੇ ਮੁਕਾਬਲਿਆਂ ਨੂੰ ਦਿਖਾਉਣ ਵਿੱਚ ਜ਼ਿਆਦਾ ਦਿਲਚਸਪੀ ਨਹੀਂ ਦਿਖਾਉਂਦਾ ਜਿਸ ਕਾਰਨ ਔਰਤਾਂ ਵਿੱਚ ਨਿਰਾਸ਼ਾ ਪੈਦਾ ਹੁੰਦੀ ਹੈ। ਅੱਜ ਦੀ ਇਸ ਖੇਡ ਦੁਨੀਆਂ ਇੱਕ ਵਪਾਰਕ ਅਦਾਰਾ ਬਣ ਚੁੱਕੀ ਹੈ ਜਿਸ ਵਿੱਚ ਖਿਡਾਰੀ ਪੈਸੇ ਕਮਾਉਣ ਲਈ ਤਿਆਰ ਕੀਤੇ ਜਾਂਦੇ ਹਨ। ਇਸੇ ਕਰਕੇ ਜੋ ਖੇਡ ਪ੍ਰਮੋਟਰ ਹਨ ਜਾਂ ਬਿਜ਼ਨੈੱਸਮੈਨ ਕਹਿ ਸਕਦੇ ਹਾਂ ਉਹ ਆਪਣਾ ਪੈਸਾ ਮਰਦਾਂ ਦੀਆਂ ਖੇਡਾਂ ਤੇ ਜ਼ਿਆਦਾ ਲਗਾਉਂਦੇ ਹਨ ਤਾਂ ਜੋ ਜ਼ਿਆਦਾ ਕਮਾਈ ਕੀਤੀ ਜਾ ਸਕੇ ।

ਪੁਰਾਤਨ ਕਾਲ ਤੋਂ ਹੀ ਔਰਤਾਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਬਹੁਤ ਸਮੇਂ ਬਾਅਦ ਪ੍ਰਵਾਨਗੀ ਦਿੱਤੀ ਗਈ ਪਹਿਲਾਂ ਇਹ ਖੇਡਾਂ ਕੇਵਲ ਮਰਦਾਂ ਲਈ ਹੀ ਸਮਝੀਆਂ ਜਾਂਦੀਆਂ ਸਨ । ਜਿਸ ਕਾਰਨ ਸਾਰੇ ਖੇਡਾਂ ਦੇ ਗਰਾਊਂਡ,ਨਿਯਮ, ਕੋਚ, ਇਨਾਮ ਆਦਿ ਸਭ ਮਰਦਾਂ ਨੂੰ ਦੇਖਦੇ ਹੋਏ ਹੀ ਬਣਾਏ ਗਏ ਜਿਸ ਕਾਰਨ ਔਰਤਾਂ ਦੇ ਕੋਚਿੰਗ ਪ੍ਰਬੰਧ ਗਰਾਊਂਡ ਜਾਂ ਕੁਝ ਹੋਰ ਸਹੂਲਤਾਂ ਜੋ ਖੇਡਾਂ ਵਿੱਚ ਜ਼ਿਆਦਾ ਔਰਤਾਂ ਦੀ ਭਾਗੀਦਾਰੀ ਲਈ ਬਣਾਏ ਗਏ ਹੋਣ ਉਹ ਕਦੇ ਨਹੀਂ ਹੋਇਆ।

ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਅਸੀਂ ਅਖ਼ਬਾਰਾਂ ਟੀਵੀ ਵਿੱਚ ਦੇਖਦੇ ਹਾਂ ਜਿੱਥੇ ਔਰਤ ਖਿਡਾਰੀ ਨੂੰ ਉਸੇ ਦੇ ਕੋਚ ਦੁਆਰਾ, ਨਾਲ ਦੇ ਸਾਥੀਆਂ ਦੁਆਰਾ ਜਾਂ ਕਿਸੇ ਸਬੰਧਿਤ ਮਰਦ ਦੁਆਰਾ ਸਰੀਰਕ ਸ਼ੋਸ਼ਣ ਕੀਤਾ ਗਿਆ ਹੋਵੇ ਜੋ ਔਰਤਾਂ ਲਈ ਖੇਡਾਂ ਵਿੱਚ ਭਾਗ ਲੈਣ ਵਾਸਤੇ ਸਭ ਤੋਂ ਵੱਡੀ ਰੁਕਾਵਟ ਹੈ। ਮਾਂ ਬਾਪ ਵੀ ਏਸੇ ਗੱਲੋਂ ਬਹੁਤ ਸਾਰੀਆਂ ਲੜਕੀਆਂ ਨੂੰ ਖੇਡਾਂ ਵਿੱਚ ਪਾਉਣ ਤੋਂ ਡਰਦੇ ਹਨ ਕਿਉਂ ਕੇ ਖੇਡਾਂ ਵਿੱਚ ਲੜਕੀਆਂ ਨੂੰ ਗਰਾਊਂਡਾਂ ਵਿੱਚ ਕੈਂਪਾਂ ਵਿਚ ਜਾਂ ਖੇਡਣ ਲਈ ਦੂਰ ਕਈ ਵਾਰ ਰਾਤਾਂ ਨੂੰ ਬਾਹਰ ਰਹਿਣਾ ਪੈਂਦਾ ਹੈ ਜੋ ਮਾਪਿਆਂ ਲਈ ਚਿੰਤਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਖੇਡਣ ਵਾਲੀਆਂ ਔਰਤਾਂ ਨੂੰ ਵਿਆਹ ਕਰਵਾਉਣ ਸਮੇਂ ਵੀ ਕਾਫ਼ੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਬਹੁਤ ਸਾਰੇ ਲੋਕਾਂ ਦੀ ਧਾਰਨਾ ਹੈ ਕਿ ਖੇਡਣ ਵਾਲੀਆਂ ਔਰਤਾਂ ਜ਼ਿਆਦਾ ਬਾਹਰ ਅੰਦਰ ਜਾਣ ਕਰਕੇ ਠੀਕ ਨਹੀਂ ਹੁੰਦੀਆਂ ਜੋ ਕਿ ਬਿਲਕੁਲ ਗਲਤ ਹੈ। ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਔਰਤਾਂ ਦੇ ਪਹਿਰਾਵੇ ਵੱਖਰੇ ਵੱਖਰੇ ਹਨ ਪਰ ਖੇਡਾਂ ਵਿੱਚ ਇਹ ਪਹਿਰਾਵੇ ਆਮ ਤੌਰ ਤੇ ਇੱਕ ਹੀ ਹੁੰਦੇ ਹਨ ਜਿਸ ਕਰਕੇ ਖੇਡਣ ਸਮੇਂ ਔਰਤਾਂ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਉਦਹਾਰਣ ਦੇ ਤੌਰ ਤੇ ਅਰਬੀ ਦੇਸ਼ਾਂ ਜਾਂ ਮੁਸਲਿਮ ਕੰਟਰੀਆਂ ਦੀਆਂ ਔਰਤ ਨੂੰ ਵੱਖਰਾ ਪਹਿਰਾਵਾ ਪਹਿਨਣ ਦੀ ਇਜਾਜ਼ਤ ਨਹੀਂ ਹੁੰਦੀ ਜਿਸ ਕਰਕੇ ਉਨ੍ਹਾਂ ਦਾ ਕਲਚਰ ਉਨ੍ਹਾਂ ਦੀ ਖੇਡ ਵਿੱਚ ਕਿਤੇ ਨਾ ਕਿਤੇ ਰੁਕ-ਾਵਟ ਬਣਦਾ ਹੈ । ਇਸੇ ਤਰ੍ਹਾਂ ਦੇਸ਼ਾਂ ਦੀ ਸੰਸਕ੍ਰਿਤੀ ਅਤੇ ਧਾਰਮਿਕ ਪ੍ਰਵਿਰਤੀ ਵੀ ਔਰਤਾਂ ਨੂੰ ਖੇਡਾਂ ਖੇਡਣ ਵਿਚ ਰੁਕਾਵਟ ਪੈਦਾ ਕਰਦੀ ਹੈ ਸੰਸਾਰ ਵਿਚ ਅਜਿਹੇ ਦੇਸ਼ ਵੀ ਹਨ ਜਿਨ੍ਹਾਂ ਦੀਆਂ ਔਰਤਾਂ ਨੂੰ ਬਿਲਕੁਲ ਖੇਡਾਂ ਵਿਚ ਭਾਗ ਨਹੀਂ ਲੈਣ ਦਿੱਤਾ ਜਾਂਦਾ ਜਿਵੇਂ ਸਾਊਦੀ ਅਰੇਬੀਆ।

ਸਮਾਜ ਦੇ ਹਰ ਖੇਤਰ ਵਿਚ ਕਾਮਯਾਬ ਹੋਣ ਲਈ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸੇ ਤਰ੍ਹਾਂ ਔਰਤਾਂ ਨੂੰ ਖੇਡਾਂ ਦੇ ਵਿਚ ਕਾਮਯਾਬ ਹੋਣ ਲਈ ਮਰਦਾਂ ਦੇ ਮੁਕਾਬਲੇ ਬਹੁਤ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਇਨ੍ਹਾਂ ਸਮੱਸਿਆਵਾਂ ਦੇ ਬਾਵਜੂਦ ਬਹੁਤ ਸਾਰੀਆਂ ਮਹਿਲਾ ਖਿਡਾਰੀਆਂ ਨੇ ਵਰਲਡ ਲੈਵਲ ਤੇ ਆਪਣਾ ਅਤੇ ਦੇਸ਼ ਦਾ ਨਾਮ ਉੱਚਾ ਕੀਤਾ ਹੈ।

ਬਹੁਤ ਸਾਰੀਆਂ ਮਹਿਲਾ ਖਿਡਾਰੀਆਂ ਨੇ ਗ਼ਰੀਬੀ ਭੁੱਖਮਰੀ ਚੋਂ ਨਿਕਲ ਕੇ ਖੇਡਾਂ ਵਿੱਚ ਬਹੁਤ ਉੱਚੇ ਮੁਕਾਮ ਹਾਸਿਲ ਕੀਤੇ ਹਨ ਜੇਕਰ ਸਮਾਜ ਅਤੇ ਸਰਕਾਰਾਂ ਸੰਸਾਰ ਵਿੱਚ ਔਰਤਾਂ ਦੀਆਂ ਖੇਡਾਂ ਵੱਲ ਥੋੜ੍ਹਾ ਜਿਹਾ ਧਿਆਨ ਦੇਣ ਤਾਂ ਉਹ ਦਿਨ ਦੂਰ ਨਹੀਂ ਜਦੋਂ ਔਰਤਾਂ ਮਰਦਾਂ ਦੇ ਬਰਾਬਰ ਹੀ ਔਰਤਾਂ ਵੀ ਖੇਡਾਂ ਵਿੱਚ ਭਾਗ ਲੈਣਗੀਆਂ ।

# ਸੁਖਬੀਰ ਵੱਲੋਂ ਆਪਣੇ ਆਪ ਉਮੀਦਵਾਰ ਐਲਾਨੇ ਜਾਣ ਨਾਲ ਅਕਾਲੀ ਦਲ ਵਿੱਚ ਵਿਰੋਧ ਦਾ ਖਤਰਾ ਉੱਭਰਿਆ

ਅਬੋਹਰ, 14 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਸਿਰ ਉੱਤੇ ਹਨ ਅਤੇ ਸਾਰੀਆਂ ਰਾਜਨੀਤਕ ਪਾਰਟੀਆਂ ਅਗਲੇ ਸਾਲ ਸੱਤਾ ਹਾਸਲ ਕਰਨ ਦੇ ਲਈ ਜ਼ੋਰ ਲਾ ਰਹੀਆਂ ਹਨ। ਪਿਛਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਿਛਲੇ ਦਸ ਸਾਲ ਲਗਾਤਾਰ ਰਾਜ ਕਰ ਚੁੱਕਾ ਅਕਾਲੀ ਦਲ ਮੂਧੇ ਮੂੰਹ ਡਿੱਗਾ ਸੀ ਅਤੇ ਮੁੱਖ ਵਿਰੋਧੀ ਧਿਰ ਦਾ ਰੁਤਬਾ ਵੀ ਲੈਣ ਤੋਂ ਨਾਕਾਮ ਰਿਹਾ ਸੀ। ਇਸ ਵਾਰ ਜਦੋਂ ਪੰਜਾਬ ਦਾ ਚੋਣ ਮੈਦਾਨ ਭਖਣ ਲੱਗਾ ਹੈ ਤਾਂ ਅਕਾਲੀ ਦਲ ਨੇ ਕਾਂਗਰਸ ਸਰਕਾਰ ਵਿਰੁੱਧ'ਪੰਜਾਬ ਮੰਗਦਾ ਜਵਾਬ' ਝੰਡੇ ਹੇਠ ਰੈਲੀਆਂ ਸ਼ੁਰੂ ਕੀਤੀਆਂ ਹਨ। ਇਨ੍ਹਾਂ ਰੈਲੀਆਂ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਈ ਉਮੀਦਵਾਰਾਂ ਦੇ ਨਾਂਅ ਵੀ ਐਲਾਨ ਕਰ ਦਿੱਤੇ ਹਨ।



ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਲੋਕਤੰਤਰੀ ਪ੍ਰਨਾਲੀ ਵਿੱਚ ਵਿਸ਼ਵਾਸ ਰੱਖਦੀ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਉਮੀਦਵਾਰ ਦੀ ਚੋਣ ਕਰਨ ਲਈ ਵੱਖ-ਵੱਖ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਕਮੇਟੀਆਂ ਵੱਲੋਂ ਸ਼ਿਫ਼ਾਰਸ਼ ਕੀਤੇ ਉਮੀਦਵਾਰਾਂ ਦਾ ਨਾਂਅਹੀ ਪਾਰਟੀ ਪ੍ਰਧਾਨ ਵੱਲੋਂ ਐਲਾਨਿਆ ਜਾਂਦਾ ਹੈ। ਜਿਸ ਤਰ੍ਹਾਂ ਪਿਛਲੇ ਦਿਨਾਂ ਵਿੱਚ ਸੁਖਬੀਰ ਸਿੰਘ ਬਾਦਲ ਨੇ ਸਭ ਤੋਂ ਪਹਿਲਾਂ ਖ਼ੁਦ ਆਪਣੇ ਆਪ ਨੂੰ ਅਤੇ ਉਸ ਤੋਂ ਬਾਅਦ ਹੋਰ ਕਈ ਪਾਰਟੀ ਆਗੂਆਂ ਨੂੰ ਉਮੀਦਵਾਰ ਐਲਾਨਿਆ ਹੈ, ਉਨ੍ਹਾਂ ਦੇ ਵਰਤਾਰੇ ਤੋਂ ਪਾਰਟੀ ਵਿੱਚ ਲੋਕਤੰਤਰੀ ਪ੍ਰਨਾਲੀ ਦਾ ਖ਼ਾਤਮਾ ਦੀ ਚਰਚਾ ਫਿਰ ਸ਼ੁਰੂ ਹੋ ਗਈ ਹੈ, ਜੋ ਪਾਰਟੀ ਦੀ ਚੋਣ ਸਰਗਰਮੀ ਲਈ ਸ਼ੁੱਭ ਨਹੀਂ ਹੈ। ਵਰਨਣ ਯੋਗ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਲੱਕ ਤੋੜਵੀਂ ਹਾਰ ਪਿੱਛੋਂ ਪਾਰਟੀ ਦੇ ਵੱਡੇ ਨੇਤਾ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਸੁਖਦੇਵ ਸਿੰਘ ਢੀਂਡਸਾ ਤੇ ਹੋਰਨਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਪਰ ਮਨਮਰਜ਼ੀ ਕਰਨ ਦੇ ਦੋਸ਼ ਲਾ ਕੇ ਉਸ ਹਾਰ ਲਈ ਜ਼ਿੰਮੇਵਾਰ ਠਹਿਰਾਇਆ ਅਤੇ ਇਸ ਪਾਰਟੀ ਤੋਂ ਵੱਖ ਹੋ ਗਏ ਸਨ। ਇਸ ਵਾਰ 2022 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਪਾਰਟੀ ਪ੍ਰਧਾਨ ਵੱਲੋਂ ਕੋਰ ਕਮੇਟੀ ਜਾਂ ਸਕਰੀਨਿੰਗ ਕਮੇਟੀ ਵਿੱਚ ਵਿਚਾਰ ਚਰਚਾ ਕੀਤੇ ਬਿਨਾਂ ਹੀ ਉਮੀਦਵਾਰਾਂ ਦਾ ਐਲਾਨ ਤਾਨਾਸ਼ਾਹੀ ਢੰਗ ਨਾਲ ਕਰਨਾ ਪਾਰਟੀ ਲਈ ਭਾਰੀ ਪੈ ਸਕਦਾ ਹੈ। ਪਾਰਟੀ ਅੰਦਰ ਇਨ੍ਹਾਂ ਐਲਾਨਾ ਦੇ ਕਾਰਨ ਬਗਾਵਤੀ ਸੁਰਾਂ ਉਠ ਸਕਦੀਆਂ ਹਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਦੇ ਤਾਨਾਸ਼ਾਹੀ ਰਵੱਈਏ ਦੀ ਚਰਚਾ ਸਿਆਸੀ ਗਲਿਆਰਿਆਂ ਵਿੱਚ ਦਿਨੋਂ ਦਿਨ ਜ਼ੋਰ ਫੜਦੀ ਜਾ ਰਹੀ ਹੈ।

# ਕਿਸਾਨਾਂ ਨੂੰ ਸਿੱਧੀ ਅਦਾਇਗੀ ਕਾਰਨ ਆੜ੍ਹਤੀ ਬਲੈਂਕ ਚੈਕ ਲੈਣ ਲੱਗੇ, ਕਿਸਾਨ ਵਿਰੋਧ ਨਹੀਂ ਕਰਦੇ

ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਕਈ ਸਾਲਾਂ ਦੀ ਮਸ਼ੱਕਤ ਮਗਰੋਂ ਕਿਸਾਨਾਂ ਨੂੰ ਫਸਲ ਦੀ ਸਿੱਧੀ ਅਦਾਇਗੀ ਦੀ ਯੋਜਨਾ ਨੂੰ ਸੂਬੇ ਵਿੱਚ ਲਾਗੂ ਕੀਤਾ ਜਾ ਰਿਹਾ ਹੈ, ਪਰ ਆੜ੍ਹਤੀਆਂ ਵੱਲੋਂ ਕਿਸਾਨਾਂ ਤੋਂ ਬਲੈਂਕ ਚੈਕ ਲੈਣ ਦੇ ਕੇਸ ਪਤਾ ਲੱਗ ਰਹੇ ਹਨ। ਆੜ੍ਹਤੀਆਂ ਨੂੰ ਡਰ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਕਰਜ਼ਾ ਲਿਆ ਹੈ, ਉਨ੍ਹਾਂ ਤੋਂ ਵਸੂਲੀ ਰੁਕ ਸਕਦੀ ਹੈ। ਆੜ੍ਹਤੀਆਂ ਵੱਲੋਂ ਚੈਕ ਲੈਣ ਦਾ ਕੰਮ ਨਵਾਂ ਨਹੀਂ, ਅੱਗੇਵੀ ਹੁੰਦਾ ਹੈ। ਇਸ ਵਾਰ ਖਾਸ ਇਸ ਲਈ ਹੈ ਕਿ ਕੇਂਦਰ ਸਰਕਾਰ ਨੇ ਸਿੱਧੀ ਅਦਾਇਗੀ ਦੇ ਜਿਹੜੇ ਹੁਕਮ ਕੀਤੇ ਹਨ, ਆੜ੍ਹਤੀ ਉਸ ਦੀ ਕਾਟ ਲੱਭ ਰਹੇ ਹਨ।



ਬੀ ਕੇ ਯੂ ਉਗਰਾਹਾਂ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਕਿ ਲੰਮੇ ਸਮੇਂ ਤੋਂ ਕਿਸਾਨ ਸਿੱਧੀ ਅਦਾਇਗੀ ਦੀ ਲੜਾਈ ਲੜ ਰਹੇ ਹਨ। ਖੁਦ ਹਾਈ ਕੋਰਟ ਵਿੱਚ ਇਸ ਦੀ ਅਰਜ਼ੀ ਦਾਇਰ ਕੀਤੀ ਸੀ। ਸਖਤ ਮਸ਼ੱਕਤ ਤੋਂ ਬਾਅਦ ਅਸੀਂ ਕਾਮਯਾਬ ਹੋਏ, ਪਰ ਸੂਬੇ ਦੀ ਸਾਬਕਾ ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਇਸ ਨੂੰ ਸਹੀ ਤਰ੍ਹਾਂ ਸਿਰੇ ਨਹੀਂ ਚੜ੍ਹਨ ਦਿੱਤਾ। ਇਸ ਵਾਰ ਕੇਂਦਰ ਸਰਕਾਰ ਨੇ ਇਹ ਯੋਜਨਾ ਲਾਗੂ ਕਰ ਦਿੱਤੀ ਹੈ ਤਾਂ ਆੜ੍ਹਤੀ ਇਸ ਕੰਮ ਨੂੰ ਰੋਕਣ ਲਈ ਨਵੇਂ ਤਰੀਕੇ ਅਪਣਾ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਆੜ੍ਹਤੀਆਂ ਦਾ ਮਨੀ ਲਾਂਡਰਿੰਗ ਦਾ ਧੰਦਾ ਹੈ, ਜਿਸ ਦਾ ਉਨ੍ਹਾਂ ਨੇ ਕੋਈ ਲਾਇਸੈਂਸ ਨਹੀਂ ਲਿਆ। ਛੋਟੇ ਕਿਸਾਨ ਆਪਣੀ ਲੋੜ ਲਈ ਆੜ੍ਹਤੀਆਂ ਉਤੇ ਨਿਰਭਰ ਹਨ। ਇਸ ਲਈ ਕੋਈ ਆੜ੍ਹਤੀਆ ਬਲੈਂਕ ਚੈਕ ਮੰਗਦਾ ਹੈ ਤਾਂ ਉਹ ਦੱਸਦੇ ਨਹੀਂ ਕਿ ਇਹ ਮੰਗ ਹੋਈ ਹੈ। ਅਸੀਂ ਯੂਨੀਅਨ ਵੱਲੋਂ ਕੋਈ ਵਿਰੋਧ ਨਹੀਂ ਕਰ ਸਕਦੇ, ਅਸੀਂ ਕਿਸਾਨਾਂ ਨੂੰ ਅਪੀਲ ਕੀਤੀ ਹੈ, ਪਰ ਉਹ ਰੁਕਣਗੇ ਨਹੀਂ।

ਆੜ੍ਹਤੀਆਂ ਦਾ ਕਹਿਣਾ ਹੈ ਕਿ ਬਹੁਤੇ ਕਿਸਾਨ ਆੜ੍ਹਤੀਆਂ ਤੋਂ ਪਹਿਲਾਂ ਰਕਮ ਲੈ ਲੈਂਦੇ ਤੇ ਕੁਝ ਹਿੱਸਾ ਫਸਲ ਖਰੀਦ ਮਗਰੋਂ ਮੋੜਦੇ ਹਨ। ਸਰਕਾਰ ਨੇ ਸਿੱਧੀ ਅਦਾਇਗੀ ਸ਼ੁਰੂ ਕਰ ਦਿੱਤੀ ਹੈ। ਇਸ ਲਈ ਸੁਰੱਖਿਆ ਵਜੋਂ ਆੜ੍ਹਤੀਏ ਚੈਕ ਲੈ ਕੇ ਰੱਖਦੇ ਹਨ। ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਆੜ੍ਹਤੀ ਕਿਸਾਨਾਂ ਨੂੰ ਬਲੈਕਮੇਲ ਨਹੀਂ ਕਰਦੇ। ਜੇ ਇੰਝ ਕਰਨਗੇ ਤਾਂ ਕਿਸਾਨ ਉਨ੍ਹਾਂ ਕੋਲ ਫਸਲ ਲੈ ਕੇ ਨਹੀਂ ਆਵੇਗਾ।

## ਥਾਣਾ ਮੁਖੀ ਉਤੇ 1.80 ਲੱਖ ਰਿਸ਼ਵਤ ਅਤੇ ਨਾਬਾਲਗਾਂ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦਾ ਦੋਸ਼

ਭੁਲੱਥ, 14 ਅਪ੍ਰੈਲ (ਪੋਸਟ ਬਿਊਰੋ)- ਪਿੰਡ ਖੱਸਣ ਦੇ ਦੋ ਨਾਬਾਲਗ ਬੱਚਿਆਂ ਨੇ ਪ੍ਰੈਸ ਕਾਨਫਰੰਸ ਦੌਰਾਨ ਥਾਣਾ ਭੁਲੱਥ ਦੀ ਮੁਖੀ ਅਮਨਪ੍ਰੀਤ ਕੌਰ ਉੱਤੇ ਇੱਕ ਲੱਖ ਅੱਸੀ ਹਜ਼ਾਰ ਰੁਪਏ ਰਿਸ਼ਵਤ ਲੈਣ, ਉਨ੍ਹਾਂ ਨੂੰ ਨਾਜਾਇਜ਼ ਹਿਰਾਸਤ ਵਿੱਚ ਵੀ ਰੱਖਣ ਅਤੇ ਉਨ੍ਹਾਂ ਨੂੰ ਨਾਜਾਇਜ਼ ਕੇਸਾਂ ਵਿੱਚ ਫਸਾਉਣ ਦੇ ਦੋਸ਼ ਲਾ ਕੇ ਕਾਰਵਾਈ ਦੀ ਮੰਗ ਕੀਤੀ ਹੈ।

ਪੱਤਰਕਾਰਾਂ ਨੂੰ ਇਨ੍ਹਾਂ ਦੋਸ਼ਾਂ ਦਾ ਐਫੀਡੇਵਿਟ ਤੇ ਵੀਡੀਓ ਰਿਕਾਰਡਿੰਗ ਨਾਲਪਿੰਡ ਖੱਸਣ ਦੀ ਇੱਕ ਨਾਬਾਲਗ ਲੜਕੀ ਤੇ ਉਸ ਦੇ ਨਾਬਾਲਗ ਭਰਾ ਨੇ ਕਿਹਾ ਕਿ ਉਨ੍ਹਾਂ ਦੇ ਘਰ 25 ਮਾਰਚ ਨੂੰ ਥਾਣਾ ਮੁਖੀ ਅਮਨਪ੍ਰੀਤ ਕੌਰ ਨੇ ਪੁਲਸ ਪਾਰਟੀ ਨਾਲ ਬਿਨਾਂ ਵਾਰੰਟ ਅਤੇ ਬਿਨਾਂ ਕਿਸੇ ਮੋਹਤਬਰ ਤੋਂ ਘਰ ਵਿੱਚ ਆ ਕੇ ਤਲਾਸ਼ੀ ਲਈ। ਇਸ ਦੌਰਾਨ ਉਨ੍ਹਾਂ ਦੀ ਪੇਟੀ ਵਿੱਚ ਰੱਖੇ 80,000 ਰੁਪਏ ਥਾਣਾ ਮੁਖੀ ਨੇ ਕੱਢ ਲਏ ਅਤੇ ਇਨ੍ਹਾਂ ਨਾਲ ਆਏ ਇੱਕ ਹੋਰ ਮੁਲਾਜ਼ਮ ਨੇ ਛੇ ਹਜ਼ਾਰ ਰੁਪਏ ਉਨ੍ਹਾਂ ਕੋਲੋਂ ਇਹ ਕਹਿ ਕੇ ਲੈ ਲਏ ਕਿ ਉਹ ਜਾਣ ਲੱਗੇ ਵਾਪਸ ਕਰ ਦੇਣਗੇ। ਇਨ੍ਹਾਂ ਪੀੜਤ ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਤੋਂ ਕੋਈ ਬਰਾਮਦਗੀ ਨਹੀਂ ਹੋਈ,ਫਿਰ ਵੀ ਪੁਲਸ ਉਨ੍ਹਾਂ ਦੇ ਪਿਤਾ ਨੂੰ ਨਾਲ ਲੈ ਕੇ ਚੱਲੀ ਤਾਂ ਉਨ੍ਹਾਂ ਦੇ ਪਿਤਾ ਜੋ ਪਿਛਲੇ ਸਮੇਂ ਤੋਂ ਚੱਲ-ਫਿਰ ਨਹੀਂ ਸਕਦੇ, ਨੇ ਥਾਣਾ ਮੁਖੀ ਭੁਲੱਥ ਨੂੰ ਇਸ ਦਾ ਕਾਰਨ ਪੁੱਛਿਆ। ਇਸ ਉੱਤੇ ਥਾਣਾ ਮੁਖੀ ਅਮਨਪ੍ਰੀਤ ਕੌਰ ਨੇ ਉਨ੍ਹਾਂ ਦੇ ਪਿਤਾ ਨੂੰ ਛੱਡਣ ਲਈ ਦੋ ਲੱਖ ਰੁਪਏ ਮੰਗੇ ਤਾਂ ਉਨ੍ਹਾਂ ਦੇ ਪਿਤਾ ਨੇ ਇੱਕ ਲੱਖ ਰੁਪਏ ਘਰੋਂ ਚੁੱਕਣ ਦੀ ਗੱਲ ਕਹੀ, ਜਿਸ ਉੱਤੇ ਥਾਣਾ ਮੁਖੀ ਨੇ ਇੱਕ ਲੱਖ ਰੁਪਏ ਹੋਰ ਮੰਗ ਲਏ ਅਤੇ ਉਸ ਦੇ ਪਿਤਾ ਕੋਲੋਂ ਕੋਆਪਰੇਟਿਵ ਬੈਂਕ ਖੱਸਣ ਦਾ ਚੈਕ ਭਰਵਾ ਲਿਆ ਤੇ ਜਲਦੀ ਪੈਸੇ ਲਿਆਉਣ ਦੀ ਹਦਾਇਤ ਕੀਤੀ। ਬੱਚਿਆਂ ਨੇ ਕਿਹਾ ਕਿ ਉਨ੍ਹਾਂ ਨੇ ਬੈਂਕ ਵਿੱਚੋਂ ਪੈਸੇ ਕਢਵਾ ਕੇ ਥਾਣਾ ਮੁਖੀ ਭੁਲੱਥ ਅਮਨਪ੍ਰੀਤ ਨੂੰ ਭੁਲੱਥ-ਖੱਸਣ ਰੋਡ ਉੱਤੇ ਬਾਜਵਾ ਸੀਮਿੰਟ ਸਟੋਰ ਅਤੇ ਆਰੇ ਦੇ ਵਿਚਕਾਰ ਦਿੱਤੇ ਸਨ। ਇਸ ਉੱਤੇ ਥਾਣਾ ਮੁਖੀ ਨੇ ਕਿਹਾ ਕਿ ਉਹ ਥਾਣੇ ਆ ਜਾਣ ਅਤੇ ਆਪਣੇ ਪਿਤਾ ਨੂੰ ਨਾਲ ਲੈ ਜਾਣ। ਬੱਚਿਆਂ ਨੇ ਦਾਅਵਾ ਕੀਤਾ ਕਿ ਰਾਤ ਗਿਆਰਾਂ ਵਜੇ ਤੱਕ ਉਨ੍ਹਾਂ ਨੂੰ ਥਾਣੇ ਨਾਜਾਇਜ਼ ਹਿਰਾਸਤ ਵਿੱਚ ਰੱਖਿਆ ਗਿਆ ਤੇ ਪ੍ਰੇਸ਼ਾਨ ਕੀਤਾ ਗਿਆ।ਪੀੜਤ ਲੜਕੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦਾ ਨਸ਼ੀਲੇ ਟੀਕੇ ਪਾ ਕੇ ਚਲਾਨ ਕੱਟਿਆ ਤੇ ਥਾਣਾ ਮੁਖੀ ਭੁਲੱਥ ਨੇ ਉਸ ਦੇ ਨਾਬਾਲਗ ਭਰਾ ਉੱਤੇ ਪਰਚਾ ਦਰਜ ਕਰਨ ਦੀ ਧਮਕੀ ਦਿੱਤੀ। ਦੋਵਾਂ ਬੱਚਿਆਂ ਨੇ ਨਾਜਾਇਜ਼ ਕੇਸ ਦਰਜ ਕਰਨ ਦੀਆਂ ਧਮਕੀਆਂ ਦੇਣ ਅਤੇ ਪੈਸੇ ਵਾਪਸ ਨਾ ਕਰਨ ਦੀ ਜਾਂਚ ਕਰ ਕੇ ਉਚ ਅਧਿਕਾਰੀਆਂ ਕੋਲੋਂ ਇਨਸਾਫ ਦੇਣ ਦੀ ਮੰਗ ਕੀਤੀ ਹੈ।

# ਵੀਡੀਓ ਦੀ ਰਿਕਾਰਡਿੰਗ ਪੁਲਸ ਦੀ ਕਹਾਣੀ ਉੱਤੇ ਭਾਰੂ ਪੈਣ ਲੱਗੀ

ਜਲੰਧਰ, 14 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੇ ਮਾਤਾ ਰਾਣੀ ਚੌਕ ਉੱਤੇ ਸ਼ਨੀਵਾਰ ਦੇਰ ਰਾਤ ਸੜਕ ਉੱਤੇ ਖੜ੍ਹੇ ਨੇਵੀ ਅਫਸਰ, ਉਦਯੋਗਪਤੀ ਅਤੇ ਉਨ੍ਹਾਂ ਦੇ ਸਾਥੀਆਂ ਅਤੇ ਪੁਲਸ ਵਿੱਚ ਝੜਪ ਦਾ ਮਾਮਲਾ ਜ਼ੋਰ ਫੜ ਰਿਹਾ ਹੈ। ਪੁਲਸ ਉੱਤੇ ਇਸ ਵਿੱਚ ਵੀਡੀਓ ਦੀ ਖੇਡ ਭਾਰੂ ਪੈਣ ਲੱਗੀ ਹੈ।ਪੁਲਸ ਦੋਸ਼ੀਆਂ ਦੀ ਗਲਤੀ ਦੀ ਵੀਡੀਓ ਦਿਖਾ ਰਹੀ ਹੈ ਤਾਂ ਦੋਸ਼ੀਆਂ ਦੇ ਪਰਵਾਰਾਂ ਨੇ ਇੱਕ ਵੀਡੀਓ ਜਾਰੀ ਕਰ ਕੇ ਪੁਲਸ ਉੱਤੇ ਧੱਕੇਸ਼ਾਹੀ ਦਾ ਦੋਸ਼ ਲਾਇਆ ਹੈ।

ਕੱਲ੍ਹ ਪ੍ਰੈਸ ਕਾਨਫਰੰਸ ਕਰ ਕੇ ਮਾਡਲ ਹਾਊਸ ਦੀ ਮਨਜੀਤ ਕੌਰ ਪਤਨੀ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਧੱਕੇਸ਼ਾਹੀ ਕੀਤੀ ਹੈ। ਉਸ ਦੇ ਪਤੀ ਜਸਪਾਲ ਸਿੰਘ ਬਿਮਾਰ ਸਨ ਅਤੇ ਉਸ ਦੇ ਬੇਟੇ ਕਮਲਜੀਤ ਸਿੰਘ ਦੇ ਦੋਸਤ ਮਨਪ੍ਰੀਤ ਸਿੰਘ ਉਸ ਦੇ ਪਤੀ ਦਾ ਹਾਲ ਪੁੱਛਣ ਆਏ ਸਨ। ਰਾਤ ਕਰੀਬ ਢਾਈ ਵਜੇ ਉਹ ਵਾਪਸ ਜਾ ਰਹੇ ਸਨ ਤਾਂ ਉਥੇ ਥਾਣਾ ਇੰਚਾਰਜ ਭਗਵੰਤ ਸਿੰਘ ਭੁੱਲਰ ਆਪਣੇ ਮੁਲਾਜ਼ਮਾਂ ਨਾਲ ਆਇਆ ਤੇ ਗਾਲੀ-ਗਲੋਚ ਕਰਨ ਲੱਗਾ। ਜਦ ਵਿਰੋਧ ਕੀਤਾ ਤਾਂ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਜ਼ਬਰਦਸਤੀ ਨਾਲ ਲਿਜਾ ਕੇ ਚਾਰ ਲੋਕਾਂ ਉੱਤੇ ਮਾਮਲਾ ਦਰਜ ਕਰ ਕੇ ਦੋ ਨੂੰ ਗ੍ਰਿਫਤਾਰ ਕਰ ਲਿਆ। ਇਸ ਦੌਰਾਨ ਉਨ੍ਹਾਂ ਨੇ ਇੱਕ ਵੀਡੀਓ ਫੁਟੇਜ ਦਿਖਾਈ, ਜਿਸ ਵਿੱਚ ਥਾਣਾ ਇੰਚਾਰਜ ਭੁੱਲਰ ਅਤੇ ਉਸ ਦੇ ਮੁਲਾਜ਼ਮ ਉਨ੍ਹਾਂ ਦੇ ਪਰਵਾਰ ਨੂੰ ਕੁੱਟ ਰਹੇ ਹਨ ਅਤੇ ਥਾਣਾ ਇੰਚਾਰਜ ਪਿਸਤੌਲ ਕੱਢ ਦਿਖਾ ਰਹੇ ਹਨ। ਇਸ ਦੇ ਇਲਾਵਾ ਇੱਕ ਵੀਡੀਓ ਹੋਰ ਜਾਰੀ ਕੀਤੀ ਜਿਸ ਵਿੱਚ ਮਨਜੀਤ ਕੌਰ ਦੇ ਘਰਚੋਰੀ ਹੋਈ ਤੇ ਦੋਸ਼ ਸੀ ਕਿ ਚਾਬੀ ਪੁਲਸ ਵਾਲਿਆਂ ਦੇ ਕੋਲ ਸੀ। ਚੋਰੀ ਕਰਵਾਉਣ ਦਾ ਸ਼ੱਕ ਵੀ ਪੁਲਸ ਉੱਤੇ ਹੀ ਪ੍ਰਗਟਾਇਆ ਗਿਆ ਹੈ।

# ਟਿਕਟਾਂ ਵੰਡਣ ਬਾਰੇ ਪ੍ਰਸ਼ਾਂਤ ਕਿਸ਼ੋਰ ਵੱਲੋਂ ਫ਼ੈਸਲਾ ਲੈਣ ਦਾ ਸਵਾਲ ਹੀ ਨਹੀਂ ਉੱਠਦਾ: ਕੈਪਟਨ ਅਮਰਿੰਦਰ

ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਅਗਲੇ ਸਾਲ ਦੀਆਂ ਅਸੈਂਬਲੀ ਚੋਣਾਂ ਲਈ ਮੀਡੀਆ ਦੇ ਕਿਆਫਿਆਂ ਉੱਤੇ ਰੋਕ ਲਾਉਂਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਟਿਕਟਾਂ ਨੂੰ ਅੰਤਮ ਰੂਪ ਦੇਣ ਦੇ ਮਾਮਲੇ ਵਿੱਚ ਪ੍ਰਸ਼ਾਂਤ ਕਿਸ਼ੋਰ ਦੀ ਕਿਸੇ ਵੀ ਭੂਮਿਕਾ ਨੂੰ ਰੱਦ ਕੀਤਾ ਹੈ। ਉਨ੍ਹਾ ਆਪਣੇ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ ਵੱਲੋਂ ਟਿਕਟਾਂ ਬਾਰੇ ਫੈਸਲਾ ਲੈਣ ਸਬੰਧੀ ਪੰਜਾਬ ਕਾਂਗਰਸ ਵਿੱਚ ਨਾਰਾਜ਼ਗੀ ਦੀਆਂ ਰਿਪੋਰਟਾਂ ਬਾਰੇ ਕਿਹਾ ਕਿ ਏਹੋ ਜਿਹਾ ਸਵਾਲ ਹੀ ਪੈਦਾ ਨਹੀਂ ਹੁੰਦਾ, ਪ੍ਰਸ਼ਾਂਤ ਕਿਸ਼ੋਰ ਦਾ ਇਸ ਮਾਮਲੇ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਹੈ।



ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਵਿੱਚ ਟਿਕਟਾਂ ਦੀ ਵੰਡ ਲਈ ਨਿਯਮ ਅਤੇ ਪੈਮਾਨੇ ਤੈਅ ਹਨ ਜੋ ਸਾਰੇ ਰਾਜਾਂ ਵਿੱਚ ਸਾਰੀਆਂ ਚੋਣਾਂ ਵਿੱਚ ਅਪਣਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਹਰ ਵਿਧਾਨ ਸਭਾ ਚੋਣ ਤੋਂ ਪਹਿਲਾਂ ਹਾਈ ਕਮਾਨ ਵੱਲੋਂ ਸੂਬਾ ਪੱਧਰੀ ਚੋਣ ਕਮੇਟੀ ਬਣਾਈ ਜਾਂਦੀ ਹੈ ਜੋ ਸਾਰੇ ਨਾਵਾਂ ਉਪਰ ਵਿਚਾਰ ਕਰਦੀ ਤੇ ਚੋਣ ਮੈਦਾਨ ਵਿੱਚ ਉਤਾਰੇ ਜਾਣ ਵਾਲੇ ਉਮੀਦਵਾਰਾਂ ਦਾ ਫੈਸਲਾ ਕਰਦੀ ਹੈ। ਉਸ ਪਿੱਛੋਂ ਛਾਂਟੀ ਕੀਤੇ ਨਾਵਾਂ ਦੀ ਸੂਚੀ ਸਕਰੀਨਿੰਗ ਕਮੇਟੀ ਨੂੰ ਭੇਜੀ ਜਾਂਦੀ ਹੈ ਅਤੇ ਇਸ ਕਮੇਟੀ ਵਿੱਚ ਕਾਂਗਰਸ ਪ੍ਰਧਾਨ ਸਮੇਤ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਸ਼ਾਮਲ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅੰਤਿਮ ਫੈਸਲਾ ਕੇਂਦਰੀ ਚੋਣ ਕਮੇਟੀ ਕਰਦੀ ਹੈ ਤੇ ਇਸ ਵਿੱਚਨਿੱਜੀ ਤੌਰ ਉੱਤੇ ਕਿਸੇ ਦੀ ਭੂਮਿਕਾ ਨਹੀਂ ਹੁੰਦੀ। ਉਨ੍ਹਾ ਕਿਹਾ ਕਿ ਇਸ ਕਮੇਟੀ ਵੱਲੋਂ ਟਿਕਟਾਂ ਨੂੰ ਅੰਤਿਮ ਰੂਪ ਦੇਣ ਵਿੱਚ ਆਜਾਦ ਏਜੰਸੀਆਂ ਦੇ ਨਾਲ ਪਾਰਟੀ ਦੀ ਸੂਬਾਈ ਯੂਨਿਟ ਸਮੇਤ ਅੰਦੂਰਨੀ ਅਤੇ ਬਾਹਰੀ ਧਿਰਾਂ ਤੋਂ ਜਾਣਕਾਰੀ ਲਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹੀ ਪ੍ਰਕਿਰਿਆ ਸਾਲ 2017 ਵਿੱਚ ਅਪਣਾਈ ਗਈ ਸੀ ਤੇ ਇਸ ਵਾਰ ਫਿਰ ਇਸੇ ਪ੍ਰਕਿਰਿਆ ਅਨੁਸਾਰ ਚੱਲਿਆ ਜਾਵੇਗਾ ਅਤੇ ਇਸ ਪ੍ਰਕਿਰਿਆ ਵਿੱਚ ਪ੍ਰਸ਼ਾਂਤ ਕਿਸ਼ੋਰ ਦਾ ਰੋਲ ਮੇਰੇ ਪ੍ਰਮੁੱਖ ਸਲਾਹਕਾਰ ਤੱਕ ਸੀਮਤ ਹੈ। ਉਸ ਦਾ ਇਹ ਅਹੁਦਾ ਸਿਰਫ ਸਲਾਹਕਾਰ ਦਾ ਹੈ, ਜਿਸ ਨੂੰ ਫੈਸਲਾ ਲੈਣ ਦਾ ਅਧਿਕਾਰ ਨਹੀਂ ਹੁੰਦਾ।

ਵਰਨਣ ਯੋਗ ਹੈ ਕਿ ਪ੍ਰਸ਼ਾਂਤ ਕਿਸ਼ੋਰ ਨੇ ਪਿਛਲੇ ਦਿਨੀਂ ਬਹੁਤ ਸਾਰੇ ਰਾਸ਼ਟਰੀ ਚੈਨਲਾਂ ਅਤੇ ਮੀਡੀਆ ਗਰੁੱਪਾਂ ਨੂੰ ਇੰਟਰਵਿਊ ਦਿੱਤੇ ਅਤੇ ਇਨ੍ਹਾਂ ਗਰੁੱਪਾਂ ਨੇ ਹੀ ਸੰਕੇਤ ਕੀਤਾ ਸੀ ਕਿ ਕਿਸ਼ੋਰ ਵੱਲੋਂ ਮੌਜੂਦਾ 32 ਕਾਂਗਰਸ ਵਿਧਾਇਕਾਂ ਦੀਆਂ ਸੀਟਾਂ ਬਦਲਣ ਦੀ ਸਿਫ਼ਾਰਿਸ਼ ਕੀਤੀ ਜਾ ਰਹੀ ਹੈ, ਜੋ ਉਨ੍ਹਾਂ ਮੁਤਾਬਕ ਜਿੱਤਣ ਦੀ ਸਮਰੱਥਾ ਨਹੀਂ ਰੱਖਦੇ।

## ਰਾਜਪੁਰਾ ਨੇੜੇ ਸੜਕ ਹਾਦਸੇ ਵਿੱਚ ਤਿੰਨ ਜਣਿਆਂ ਦੀ ਮੌਤ

ਰਾਜਪੁਰਾ, 14 ਅਪ੍ਰੈਲ (ਪੋਸਟ ਬਿਊਰੋ)- ਥਾਣਾ ਸ਼ੰਭੂ ਹੇਠ ਸ਼ੰਭੂ ਬੈਰੀਅਰ-ਬਨੂੜ ਬਾਬਾ ਬੰਦਾ ਸਿੰਘ ਬਹਾਦਰ ਮਾਰਗ ਉੱਤੇ ਪਿੰਡ ਰਾਜਗੜ੍ਹ ਨੇੜੇ ਇੱਕ ਸੜਕ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਹੈ।

ਇਸ ਬਾਰੇ ਥਾਣਾ ਸ਼ੰਭੂ ਦੇ ਏ ਐੱਸ ਆਈ ਭਾਨ ਸਿੰਘ ਦੇ ਮੁਤਾਬਕ ਬਲਵੰਤ ਸਿੰਘ ਪਿੰਡ ਤੇਪਲਾ ਨੇ ਬਿਆਨ ਦਿੱਤੇ ਹਨ ਕਿ ਉਸ ਦਾ ਭਰਾ ਕੁਲਦੀਪ ਸਿੰਘ ਪਿੰਡ ਤੇਪਲਾ ਆਪਣੇ ਮੋਟਰਸਾਈਕਲ ਉੱਤੇਆਪਣੇ ਦੋਸਤ ਪ੍ਰਨਾਮ ਸਿੰਘ ਪਿੰਡ ਰਾਮਨਗਰ ਸੈਣੀਆਂ ਨਾਲ ਅੱਗੇ-ਅੱਗੇ ਜਾ ਰਿਹਾ ਸੀ ਤੇ ਨੇੜੇ ਇੱਕ ਪੈਦਲ ਰਾਹਗੀਰ ਸੁੱਚਾ ਸਿੰਘ ਪਿੰਡ ਰਾਜਗੜ੍ਹ ਬਾਬਾ ਬੰਦਾ ਸਿੰਘ ਬਹਾਦਰ ਮਾਰਗ ਉੱਤੇ ਪਿੰਡ ਰਾਜਗੜ੍ਹ ਦੇ ਨੇੜੇ ਜਾ ਰਿਹਾ ਸੀ। ਇਸ ਮੌਕੇ ਬਨੂੜ ਵੱਲੋਂ ਆਈ ਇੱਕ ਕਾਰ ਦੇ ਚਾਲਕ ਨੇ ਤੇਜ਼ ਰਫ਼ਤਾਰ ਤੇ ਲਾਪਰਵਾਹੀ ਨਾਲ ਚਲਾਉਂਦਿਆਂ ਉਨ੍ਹਾਂ ਤਿੰਨਾਂ ਨੂੰ ਟੱਕਰ ਮਾਰ ਦਿੱਤੀ। ਇਸ ਵਿੱਚ ਪ੍ਰਨਾਮ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਕੁਲਦੀਪ ਸਿੰਘ ਤੇ ਸੁੱਚਾ ਸਿੰਘ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਅੰਬਾਲਾ ਵਿਖੇ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਦੋਵਾਂ ਦੀ ਮੌਤ ਹੋ ਗਈ। ਥਾਣਾ ਸ਼ੰਭੂ ਪੁਲਸ ਨੇ ਕਾਰ ਚਾਲਕ ਕਰਨਪਾਲ ਸਿੰਘ ਵਾਸੀ ਬਲਾਕ ਨੰਬਰ ਚਾਰ ਅੰਬਾਲਾ ਸ਼ਹਿਰ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ • ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

LEADING SOUTH ASIAN FOOD PRODUCTS DISTRIBUTOR BASED IN TORONTO, ONTARIO REQUIRES SUITABLECANDIDATE FOR THE FOLLOWING POSITION:

FIELD SALES REP/MANAGER - MARKETING: LOCATION: TORONTO
REQUIREMENTS:
1. Minimum 2 to 3 yrsexperience in food/grocery outbound sales or marketing.
2. Must have a car
3. Must have a Valid "G" provincial driving license
4. Travelling required with in the province and outside based on needs
5. Must speak English and Hindi,Punjabi&Gujarati are preferred.
6. Salary @ $18-$20 per hour based on experience + target based sales commission
7. Full time position (35 to 40 hours)
8. New immigrants with marketing experience are also welcome.
Responsibilities:
- Primarily your focus should be on the sale of products and services to probable customers within a specific region.
- Focus should be to increase the sales of the company
- Must collect payments on time from customers for the outstanding invoices
- Must be able to do small deliveries and invoicing to customers for any urgent orders.
- Plan strategies, campaigns and offers to boost the sales during festivals and peak seasons.

Fax Resume To: 647-351-7157
Email Resume To: recruit.wholesale@gmail.com
Call Siva@416-666-8525 or Ram@647-831-9149

# ਹਾਈ ਕੋਰਟ ਨੂੰ ਸ਼ੁਰੂਆਤੀ ਜਾਂਚ ਵਿੱਚ ਦਖਲ ਨਹੀਂ ਦੇਣਾ ਚਾਹੀਦਾ: ਸੁਪਰੀਮ ਕੋਰਟ



ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਇੱਕ ਅਹਿਮ ਫੈਸਲਾ ਕਰਦੇ ਹੋਏ ਭਾਰਤ ਦੀਆਂ ਹਾਈ ਕੋਰਟਾਂ ਨੂੰ ਅਪਰਾਧਕ ਕੇਸਾਂ ਵਿੱਚ ਪੁਲਸ ਦੀ ਜਾਂਚ ਪੂਰੀ ਹੋਣ ਤੱਕ ਗ੍ਰਿਫਤਾਰੀ ਉੱਤੇ ਰੋਕ ਅਤੇ ਦੋਸ਼ੀ ਖਿਲਾਫ ਸਜ਼ਾਯੋਗ ਕਾਰਵਾਈ ਨਾ ਕੀਤੇ ਜਾਣ ਦੇ ਹੁਕਮ ਦੇਣ ਬਾਰੇ ਸੁਚੇਤ ਕੀਤਾ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹਾਈ ਕੋਰਟ ਨੂੰ ਪੁਲਸ ਦੀ ਸ਼ੁਰੂਆਤੀ ਜਾਂਚ ਵਿੱਚ ਦਖਲ ਨਹੀਂ ਦੇਣਾ ਚਾਹੀਦਾ, ਕਾਨੂੰਨ ਤਹਿਤ ਪੁਲਸ ਨੂੰ ਗੰਭੀਰ ਅਪਰਾਧਾਂ ਦੀ ਜਾਂਚ ਕਰਨ ਦਾ ਕਾਨੂੰਨੀ ਅਧਿਕਾਰ ਹੈ।ਹਾਈ ਕੋਰਟਾਂਨੂੰ ਐਫ ਆਈ ਆਰ (ਪਹਿਲੀ ਸੂਚਨਾ ਰਿਪੋਰਟ) ਅਤੇ ਅਪਰਾਧਕ ਮਾਮਲਾ ਰੱਦ ਕਰਨ ਦੀ ਸ਼ਕਤੀ ਦੀ ਬਹੁਤ ਘੱਟ ਅਤੇ ਖਾਸ ਕੇਸ ਵਜੋਂ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ, ਰੁਟੀਨ ਵਿੱਚ ਐਫ ਆਈ ਆਰ ਰੱਦ ਕਰਨ ਵਾਲਾ ਹੁਕਮ ਨਹੀਂ ਦੇਣਾ ਚਾਹੀਦਾ ਅਤੇ ਅਪਰਾਧਕ ਜਾਂਚ ਵਿੱਚ ਸ਼ੁਰੂਆਤੀ ਦੌਰ ਵਿੱਚ ਰੁਕਾਵਟ ਨਹੀਂ ਪਾਈ ਜਾ ਸਕਦੀ।

ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਐਮ ਆਰ ਸ਼ਾਹ ਅਤੇ ਜਸਟਿਸ ਸੰਜੀਵ ਖੰਨਾ ਦੀ ਬੈਂਚ ਨੇ ਇਸ ਬਾਰੇ ਸੀ ਆਰ ਪੀ ਸੀ (ਅਪਰਾਧ ਜ਼ਾਬਤਾ ਕਾਨੂੰਨ) ਦੀ ਧਾਰਾ 482 ਅਤੇ ਸੰਵਿਧਾਨ ਦੀ ਧਾਰਾ 226 ਤਹਿਤ ਹਾਈ ਕੋਰਟ ਨੂੰ ਮਿਲੀ ਐਫ ਆਈ ਆਰ ਅਤੇ ਅਪਰਾਧਕ ਕੇਸ ਰੱਦ ਕਰਨ ਦੀ ਸ਼ਕਤੀ ਦੀ ਵਰਤਣ ਬਾਰੇ ਇਹ ਫੈਸਲਾ ਸੁਣ-ਾਇਆ ਹੈ। ਕੋਰਟ ਨੇ ਅਜਿਹੇ ਕੇਸਾਂ ਵਿੱਚ ਹਾਈ ਕੋਰਟ ਲਈ ਨਿਰਦੇਸ਼ ਜਾਰੀ ਕਰ ਕੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਲਈ ਕਿਹਾ ਗਿਆ ਹੈ। ਇਸ ਫੈਸਲੇ ਦੀ ਕਾਪੀ ਸਾਰੀਆਂਸਾਰੀਆਂ ਹਾਈ ਕੋਰਟਾਂ ਨੂੰ ਭੇਜਣ ਦਾ ਆਦੇਸ਼ ਦਿੱਤਾ ਗਿਆ ਹੈ ਤਾਂ ਕਿ ਉਸ ਨੂੰ ਸਬੰਧਤ ਚੀਫ ਜਸਟਿਸ ਦੇ ਸਾਹਮਣੇ ਪੇਸ਼ ਕੀਤਾ ਜਾਵੇ।

# ਸੁਸ਼ੀਲ ਚੰਦਰਾ ਨੇ ਮੁੱਖ ਚੋਣ ਕਮਿਸ਼ਨਰ ਦਾ ਅਹੁਦਾ ਸੰਭਾਲਿਆ



ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ 24ਵੇਂ ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰਾ ਨੇ ਕੱਲ੍ਹਅਹੁਦਾ ਸੰਭਾਲ ਲਿਆ ਹੈ। ਬੀਤੇ ਸੋਮਵਾਰ ਸੁਨੀਲ ਅਰੋੜਾ ਦੇ ਅਹੁਦਾ ਛੱਡਣ ਪਿੱਛੋਂ ਸੁਸ਼ੀਲ ਚੰਦਰਾ ਮੁੱਖ ਚੋਣ ਕਮਿਸ਼ਨਰ ਚੁਣੇ ਗਏ ਸਨ ਅਤੇ ਇਸ ਦੇ ਇੱਕ ਦਿਨ ਬਾਅਦ ਇਸ ਅਹੁਦੇ ਦਾ ਚਾਰਜ ਸੰਭਾਲਿਆ ਹੈ।

ਵਰਨਣ ਯੋਗ ਹੈ ਕਿ ਸੁਸ਼ੀਲ ਚੰਦਰਾ ਫਰਵਰੀ 2019 ਵਿੱਚ ਚੋਣ ਕਮਿਸ਼ਨਰ ਬਣੇ ਸਨ ਅਤੇ 14 ਮਈ 2022 ਨੂੰ ਆਪਣਾ ਅਹੁਦਾ ਤਿਆਗਣਗੇ। ਉਨ੍ਹਾਂ ਦੇ ਚਾਰਜ ਦੌਰਾਨ ਗੋਆ, ਮਨੀਪੁਰ, ਉਤਰਾਖੰਡ, ਪੰਜਾਬ ਅਤੇ ਉਤਰ ਪ੍ਰਦੇਸ਼ ਵਿੱਚ ਵੋਟਾਂ ਪੈਣੀਆਂ ਹਨ। ਗੋਆ, ਮਨੀਪੁਰ, ਉਤਰਾਖੰਡ ਤੇ ਪੰਜਾਬ ਵਿਧਾਨ ਸਭਾਵਾਂ ਦੀ ਮਿਆਦ ਅਗਲੇ ਸਾਲ ਮਾਰਚ ਵਿੱਚ ਖਤਮ ਹੋਵੇਗੀਅਤੇ ਉਤਰ ਪ੍ਰਦੇਸ਼ ਵਿਧਾਨ ਸਭਾ ਦੀ ਮਿਆਦ ਅਗਲੇ ਸਾਲ 14 ਮਈ ਨੂੰ ਖਤਮ ਹੋਵੇਗੀ। ਸੁਸ਼ੀਲ ਚੰਦਰਾ 1980 ਬੈਚ ਦੇ ਭਾਰਤੀ ਰੈਵੇਨਿਊ ਸਰਵਿਸ ਦੇ ਅਧਿਕਾਰੀ ਹਨ। ਅਹੁਦਾ ਸੰਭਾਲਣ ਤੋਂ ਬਾਅਦ ਸੁਸ਼ੀਲ ਚੰਦਰਾ ਨੇ ਕਿਹਾ ਕਿ ਉਹ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਅਮਨ ਅਮਾਨ ਤੇ ਨਿਰਪੱਖ ਢੰਗ ਨਾਲ ਚੋਣਾਂ ਕਰਾਉਣਾ ਯਕੀਨੀ ਬਣਾਉਣਾ ਚਾਹੁੰਦੇ ਤਾਂ ਜੋ ਸੰਵੇਦਨਸ਼ੀਲ ਖੇਤਰਾਂ ਵਿੱਚ ਵੀ ਵੋਟਰ ਬਿਨਾਂ ਡਰ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ। ਉਨ੍ਹਾਂ ਕਿਹਾ ਕਿ ਆਜ਼ਾਦ ਤੇ ਨਿਰਪੱਖ ਚੋਣਾਂ ਲਈ ਇੱਕ ਮਾਹੌਲ ਬਣਾਉਣਾ ਪਵੇਗਾ। ਇਹ ਪੁੱਛਣ ਉੱਤੇ ਕਿ ਚੋਣ ਕਮਿਸ਼ਨ ਇਸ ਪਾਸੇ ਕਿਵੇਂ ਅੱਗੇ ਵਧੇਗਾ, ਉਨ੍ਹਾਂ ਕਿਹਾ ਕਿ ਕਮਿਸ਼ਨ ਨਿਗਰਾਨੀ ਦੇ ਨਾਲ ਜ਼ਮੀਨੀ ਪੱਧਰਦੇ ਸਾਰੇ ਅਧਿਕਾਰੀਆਂ ਤੇ ਧਿਰਾਂ ਨਾਲ ਗੱਲਬਾਤ ਕਰ ਰਿਹਾ ਹੈ। ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਵਿੱਚ ਪੂਰਾ ਜ਼ੋਰ ਲਾਉਣ ਵਾਲੀ ਭਾਜਪਾ ਅਤੇ ਤ੍ਰਿਣਮੂਲ ਕਾਂਗਰਸ ਦੇ ਆਗੂ ਇੱਕ ਦੂਜੇ 'ਤੇ ਨਿਸ਼ਾਨੇ ਲਗਾ ਰਹੇ ਹਨ ਤੇ ਚੋਣ ਕਮਿਸ਼ਨ ਨੇ ਇਤਰਾਜ਼ਯੋਗ ਭਾਸ਼ਣਾਂ ਲਈ ਦੋਵਾਂ ਧਿਰਾਂ ਦੇ ਆਗੂਆਂ ਖਿਲਾਫ ਕਾਰਵਾਈ ਕੀਤੀ ਹੈ।

# ਸ਼ਿਮਲਾ ਮੈਡੀਕਲ ਕਾਜਲ ਵਿੱਚ ਕੋਰੋਨਾ ਮਰੀਜ਼ ਨੇ ਖੁਦ ਨੂੰ 'ਲਹੂਲੁਹਾਨ' ਕਰ ਲਿਆ



ਸ਼ਿਮਲਾ, 14 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੇ ਕਾਰਨ ਮਰੀਜ਼ ਮਾਨਸਿਕ ਤੌਰ'ਤੇ ਵੀ ਪਰੇਸ਼ਾਨ ਹੋਣੇ ਸ਼ੁਰੂ ਹੋ ਗਏ ਹਨ। ਇਸ ਦੀ ਮਿਸਾਲ ਇੰਦਰਾ ਗਾਂਧੀ ਮੈਡੀਕਲ ਕਾਲਜ (ਆਈ ਜੀ ਐਮ ਸੀ) ਸ਼ਿਮਲਾ ਵਿੱਚ ਮਿਲੀ ਹੈ।

ਇਥੇ ਆਈਸੋਲੇਸ਼ਨ ਵਾਰਡ ਵਿੱਚ ਭਰਤੀ ਕੋਰੋਨਾ ਦੇ ਮਰੀਜ਼ ਨੇ ਆਪਣੇ ਆਪ ਨੂੰ ਲਹੂਲੁਹਾਨ ਕਰ ਲਿਆ, ਜਿਸ ਨਾਲ ਆਈ ਜੀ ਐਮ ਸੀ ਵਿੱਚ ਭਰਤੀ ਹੋਰ ਮਰੀਜ਼ਾਂ ਵਿੱਚ ਹਲਚਲ ਮੱਚ ਗਈ ਹੈ।ਮਰੀਜ਼ ਨੂੰ ਲਹੂਲੁਹਾਨ ਹੁੰਦੇ ਡਾਕਟਰ ਨੇ ਦੇਖਿਆ ਤਾਂ ਉਸ ਨੂੰ ਬੜੀ ਮੁਸ਼ਕਿਲ ਨਾਲ ਸ਼ਾਂਤ ਕਰਵਾਇਆ। ਮਰੀਜ਼ ਨੇ ਆਪਣਾ ਹੱਥ ਕੱਟਿਆ ਅਤੇ ਨਸਾਂ ਕੱਟਣ ਦੀ ਕੋਸ਼ਿਸ਼ ਵੀ ਕੀਤੀ। ਇਸ ਦੀ ਸ਼ਿਕਾਇਤ ਮੈਡੀਕਲ ਵਿਭਾਗ ਦੇ ਡਾਕਟਰ ਬਲਵੀਰ ਵਰਮਾ ਨੇ ਪੁਲਸ ਨੂੰ ਦਿੱਤੀ ਤੇ ਦੱਸਿਆ ਕਿ ਉਨ੍ਹਾਂ ਕੋਲ ਮਰੀਜ਼ ਕੋਰੋਨਾ ਦੇ ਇਲਾਜ ਲਈ ਕਸੁਮਪਟੀ ਤੋਂ ਪੰਜ ਅਪ੍ਰੈਲ ਨੂੰ ਆਇਆ ਹੈ। ਸੱਤ ਅਪ੍ਰੈਲ ਨੂੰ 5.30 ਵਜੇ ਦੇ ਕਰੀਬ ਮਰੀਜ਼ ਨੇ ਆਪਣਾ ਹੱਥ ਕੱਟ ਲਿਆ, ਉਸ ਦੀ ਬਾਂਹ ਵਿੱਚ ਵੀ ਕੱਟ ਲੱਗਾ ਹੈ। ਮਰੀਜ਼ ਦੇ ਵਾਰਸ ਵੀ ਕੋਰੋਨਾ ਦੇ ਕਾਰਨ ਆਈ ਜੀ ਐਸ ਸੀ ਵਿੱਚ ਭਰਤੀ ਹਨ। ਪੁਲਸ ਨੇ ਮਰੀਜ਼ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼ ਬਾਰੇ ਸਦਰ ਥਾਣੇਵਿੱਚ ਕੇਸ ਦਰਜ ਕੀਤਾ ਹੈ। ਕੋਵਿਡ ਮਰੀਜ਼ ਨੇ ਇਹ ਕਦਮ ਕਿਉਂ ਉਠਾਇਆ, ਇਸ ਦੀ ਜਾਂਚ ਜਾਰੀ ਹੈ ਅਤੇ ਇਹ ਵੀ ਕਿ ਮਰੀਜ਼ ਵਾਰਡ ਦੇ ਅੰਦਰ ਤੇਜ਼ਧਾਰ ਚੀਜ਼ ਕਿਸ ਤਰ੍ਹਾਂ ਲੈ ਗਿਆ।

# ਲਾਪਤਾ ਧੀ ਨੂੰ ਲੱਭਣ ਬਦਲੇ ਪੁਲਸ ਵੱਲੋਂ ਰਿਸ਼ਵਤ ਮੰਗਣ ਉੱਤੇ ਪਿਓ ਵੱਲੋਂ ਖੁਦਕੁਸ਼ੀ



ਬਰੇਲੀ (ਉਤਰ ਪ੍ਰਦੇਸ਼), 14 ਅਪ੍ਰੈਲ (ਪੋਸਟ ਬਿਊਰੋ)- ਇੱਥੇ 45 ਸਾਲਾ ਵਿਅਕਤੀ ਨੇ ਪੁਲਸ ਵੱਲੋਂ ਉਸ ਦੀ 22 ਸਾਲਾ ਲਾਪਤਾ ਧੀ ਲੱਭਣ ਬਦਲੇ ਵਿੱਚ ਇੱਕ ਲੱਖ ਰੁਪਏ ਮੰਗਣ ਉੱਤੇ ਖੁਦਕੁਸ਼ੀ ਕਰ ਲਈ ਹੈ।

ਮ੍ਰਿਤਕ ਸ਼ਿਸ਼ੂਪਾਲ ਦੇ ਪਰਵਾਰਨੇ ਦੋਸ਼ ਲਾਇਆ ਹੈ ਕਿ ਰਾਮਨਗਰ ਪੁਲਸ ਚੌਕੀ ਦੇ ਇੰਚਾਰਜ ਰਾਮ ਰਤਨ ਸਿੰਘ ਨੇ ਉਸ ਤੋਂ ਪੈਸਿਆਂ ਦੀ ਮੰਗ ਕੀਤੀ ਸੀ। ਮਿਲੀ ਜਾਣਕਾਰੀ ਅਨੁਸਾਰ ਜਦੋਂ ਸ਼ਿਸ਼ੂਪਾਲ ਨੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਤਾਂ ਰਾਮ ਰਤਨ ਸਿੰਘ ਉਥੇ ਆਇਆ ਤੇ ਮ੍ਰਿਤਕ ਕੋਲ ਪਿਆ ਸੁਸਾਈਡ ਨੋਟ ਬਰਾਮਦ ਕਰ ਕੇ ਪਾੜ ਦਿੱਤਾ, ਜਿਸ ਮਗਰੋਂ ਪਿੰਡ ਵਾਸੀਆਂ ਨੇ ਉਸ ਨੂੰ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਐਸ ਐਸ ਪੀ ਰੋਹਿਤ ਸਜਵਾਨ ਨੇ ਦੱਸਿਆ ਕਿ ਸਬ ਇੰਸਪੈਕਟਰ ਉੱਤੇ ਲੱਗੇ ਰਿਸ਼ਵਤ ਮੰਗਣ ਦੇ ਦੋਸ਼ਾਂ ਹੇਠ ਉਸ ਨੂੰ ਜਾਂਚ ਹੇਠ ਲੈ ਲਿਆ ਗਿਆ ਹੈ।

ਦੱਸਣ ਯੋਗ ਹੈ ਕਿ ਨੌਂ ਅਪ੍ਰੈਲ ਨੂੰ ਅਨੋਲਾ ਥਾਣੇ ਵਿੱਚ ਸ਼ਿਸ਼ੂਪਾਲ ਦੀ ਧੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕੀਤੀ ਗਈ ਸੀ, ਜਿਸ ਵਿੱਚ ਸ਼ਿਸ਼ੂਪਾਲ ਨੇ ਦੱਸਿਆ ਸੀ ਕਿ ਬੰਤੀ, ਮੁਕੇਸ਼ ਤੇ ਦਿਨੇਸ਼ ਨਾਂਅ ਦੇ ਵਿਅਕਤੀ ਉਸ ਦੀ ਧੀ ਨੂੰ ਮੋਟਰ ਸਾਈਕਲ ਉੱਤੇ ਬਿਠਾ ਕੇ ਲੈ ਗਏ ਹਨ। ਲਾਪਤਾ ਲੜਕੀ ਦਾ ਅਜੇ ਤੱਕ ਕੁੱਝ ਪਤਾ ਨਹੀਂ ਲੱਗ ਸਕਿਆ।

# ਗਿਆਨਵਾਪੀ ਮਸਜਿਦ ਬਾਰੇ ਸਰਵੇ ਦੇ ਹੁਕਮ ਦੇ ਖਿਲਾਫ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ



ਪ੍ਰਯਾਗਰਾਜ, 14 ਅਪ੍ਰੈਲ (ਪੋਸਟ ਬਿਊਰੋ)- ਕਾਸ਼ੀ ਵਿਸ਼ਵਨਾਥ ਮੰਦਰ ਵਿੱਚ ਬਣੀ ਗਿਆਨਵਾਪੀ ਮਸਜਿਦ ਦਾ ਸਰਵੇ ਕਰਾਉਣ ਬਾਰੇ ਵਾਰਾਣਸੀ ਦੀ ਜ਼ਿਲ੍ਹਾ ਅਦਾਲਤ ਦੇ ਅੱਠ ਅਪ੍ਰੈਲ ਦੇ ਹੁਕਮ ਉੱਤੇ ਰੋਕ ਲਵਾਉਣ ਲਈ ਸੁੰਨੀ ਸੈਂਟਰਲ ਵਕਫ ਬੋਰਡ ਨੇਇਲਾਹਾਬਾਦ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਹੈ।

ਪਟੀਸ਼ਨਰ ਧਿਰ ਦਾ ਕਹਿਣਾ ਹੈ ਕਿ ਵਾਰਾਣਸੀ ਦੀ ਅਦਾਲਤ ਵਿੱਚ ਚੱਲਦੇ ਕੇਸ ਦੀ ਸੁਣਵਾਈ ਦੇ ਅਧਿਕਾਰ ਖੇਤਰ ਨੂੰ ਅੰਜੁਮਾਨ ਇੰਤਜ਼ਾਮੀਆ ਮਸਜਿਦ ਕਮੇਟੀ ਗਿਆਨਵਾਪੀ ਦੀ ਪ੍ਰਬੰਧਕ ਕਮੇਟੀ ਨੇ ਚੁਣੌਤੀ ਦਿੱਤੀ ਹੈ। ਜਸਟਿਸ ਪ੍ਰਕਾਸ਼ ਪਾਡੀਆ ਨੇ 15 ਮਾਰਚ ਨੂੰ ਦੋਵਾਂ ਧਿਰਾਂ ਦੀ ਲੰਬੀ ਬਹਿਸ ਦੇ ਬਾਅਦ ਇਸ ਦਾ ਫੈਸਲਾ ਰਾਖਵਾਂ ਰੱਖ ਲਿਆ ਸੀ। ਸਿਵਲ ਕੇਸ ਦੀ ਸੰਭਾਲ (ਮੇਂਟੇਨੈਂਸ) ਬਾਰੇ ਫੈਸਲਾ ਹਾਲੇ ਆਉਣਾ ਹੈ, ਪਰ ਇਸੇ ਦੌਰਾਨ ਹੇਠਲੀ ਅਦਾਲਤ ਨੇ ਭਾਰਤੀ ਪੁਰਾਤੱਤਵ ਸਰਵੇਖਣ ਵਿਭਾਗ ਤੋਂ ਮੰਦਰ ਮਸਜਿਦ ਦੇ ਵਿਵਾਦਤ ਢਾਂਚੇ ਦਾ ਸਰਵੇ ਕਰਾਉਣ ਦਾ ਹੁਕਮ ਦੇ ਦਿੱਤਾ ਹੈ, ਜੋ ਪਟੀਸ਼ਨਰ ਦੇ ਮੁਤਾਬਕ ਪੂਰੀ ਤਰ੍ਹਾਂ ਗੈਰ ਕਾਨੂੰਨੀ ਤੇ ਖੇਤਰ ਅਧਿਕਾਰ ਤੋਂ ਬਾਹਰ ਹੈ। ਜਦ ਹਾਈ ਕੋਰਟ ਵਿੱਚ ਸਿਵਲ ਕੇਸ ਦੇ ਜਾਇਜ਼ ਹੋਣ ਬਾਰੇ ਫੈਸਲਾ ਰਾਖਵਾਂ ਹੈ ਤਾਂ ਹੇਠਲੀ ਅਦਾਲਤ ਨੂੰ ਦਖਲ ਦੇਣ ਦਾ ਅਧਿਕਾਰ ਨਹੀਂ ਹੈ।ਪਟੀਸ਼ਨ ਵਿੱਚ ਵਾਰਾਣਸੀ ਦੀ ਅਦਾਲਤ ਦੇ ਹੁਕਮ ਉੱਤੇ ਰੋਕ ਦੀ ਮੰਗ ਕੀਤੀ ਗਈ ਹੈ। ਵਾਰਾਣਸੀ ਦੀ ਅਦਾਲਤ ਵਿੱਚ 1991 ਵਿੱਚ ਸਿਵਲ ਵਿਵਾਦ ਦਾਇਰ ਕਰ ਕੇ ਮੰਦਰ ਦਾ ਕਬਜ਼ਾ ਸੌਂਪਣ ਅਤੇ ਮਸਜਿਦ ਨੂੰ ਹਟਾਉਣ ਦੀ ਮੰਗ ਕੀਤੀ ਗਈ ਸੀ। ਮੰਦਰ ਧਿਰ ਦਾ ਕਹਿਣਾ ਹੈ ਕਿ ਮੰਦਰ ਤੋੜ ਕੇ ਮਸਜਿਦ ਬਣਾਈ ਗਈ ਹੈ, ਜਦ ਕਿ ਅਸਲ ਵਿੱਚ ਇਹ ਸਥਾਨ ਮੰਦਰ ਦਾ ਹੈ। ਮਸਜਿਦ ਧਿਰ ਦਾ ਕਹਿਣਾ ਹੈ ਕਿ ਕਾਨੂੰਨ ਹੇਠ ਧਾਰਮਿਕ ਸਥਾਨਾਂ ਦੀ 1947 ਦੀ ਸਥਿਤੀ ਵਿੱਚ ਬਦਲਾਅ ਨਹੀਂ ਕੀਤਾ ਜਾ ਸਕਦਾ, ਇਸ ਕਾਨੂੰਨ ਦੇ ਅਨੁਸਾਰ ਸਿਵਲ ਵਿਵਾਦ ਗੈਰ ਕਾਨੂੰਨੀ ਹੈ।

# ਮਹਾਰਾਣਾ ਪ੍ਰਤਾਪ ਬਾਰੇ ਟਿੱਪਣੀ ਕਰਨ ਉੱਤੇ ਭਾਜਪਾ ਨੇਤਾ ਕਟਾਰੀਆ ਨੂੰ ਮਾਫ਼ੀ ਮੰਗਣੀ ਪਈ



ਜੈਪੁਰ, 14 ਅਪ੍ਰੈਲ (ਪੋਸਟ ਬਿਊਰੋ)- ਮਹਾਰਾਣਾ ਪ੍ਰਤਾਪ ਬਾਰੇ ਭਾਜਪਾ ਦੇ ਨੇਤਾ ਗੁਲਾਬ ਚੰਦ ਕਟਾਰੀਆ ਵੱਲੋਂ ਕੀਤੀ ਟਿੱਪਣੀ ਇੰਨੀ ਭਾਰੀ ਪਈ ਕਿ ਰਾਜਸਥਾਨ ਦੇ ਕਈ ਸ਼ਹਿਰਾਂ ਵਿੱਚ ਉਸ ਦੇ ਖਿਲਾਫ਼ ਰਾਜਪੂਤ ਸੰਗਠਨਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ।ਜੈਪੁਰ, ਡੂੰਗਰਪੁਰ ਅਤੇ ਉਦੈਪੁਰ ਵਿੱਚ ਭਾਜਪਾ ਦਫ਼ਤਰਾਂ ਵਿੱਚਕਟਾਰੀਆ ਦੇ ਪੋਸਟਰ ਉੱਤੇ ਸਿਆਹੀ ਪੋਚ ਦਿੱਤੀ ਗਈ। ਇਸ ਦੇ ਬਾਅਦ ਕਟਾਰੀਆ ਨੂੰ ਮਾਫ਼ੀ ਮੰਗਣੀ ਪਈ। ਕਾਂਗਰਸ ਇਸ ਮੁੱਦੇ ਨੂੰ ਤਿੰਨ ਵਿਧਾਨ ਸਭਾ ਉਪਚੋਣਾਂ ਵਿੱਚ ਰਾਜਪੂਤ ਵੋਟ ਬੈਂਕ ਨੂੰ ਭਾਜਪਾ ਦੇ ਖ਼ਿਲਾਫ਼ ਕਰ ਕੇ ਲਾਭ ਲੈਣ ਰੁੱਝ ਗਈ ਹੈ।

ਅਸਲ ਵਿੱਚ ਇਹ ਵਿਰੋਧ ਓਦੋਂ ਸ਼ੁਰੂ ਹੋਇਆ, ਜਦੋਂ ਰਾਜਸਥਾਨ ਵਿੱਚ ਤਿੰਨ ਵਿਧਾਨਸਭਾ ਉਪਚੋਣਾਂ ਦੇ ਲਈ 17 ਅਪ੍ਰੈਲ ਨੂੰ ਵੋਟਾਂ ਹੋਣ ਵਾਲੀਆਂ ਹਨ। ਇਸ ਵਿੱਚ ਦੋ ਸੀਟਾਂ ਸਹਾੜ੍ਹਾ ਅਤੇ ਰਾਜਸਮੰਦ ਹਨ ਅਤੇ ਰਾਜਸਮੰਦ ਵਿੱਚ ਹੀ ਪ੍ਰਸਿੱਧ ਹਲਦੀਘਾਟੀ ਤੋਂ ਸ਼ੁਰੂ ਕਰ ਕੇ ਰਾਣਾ ਪ੍ਰਤਾਪ ਦੇ ਕਈ ਯਾਦਗਾਰੀ ਸਥਾਨ ਹਨ। ਕਾਂਗਰਸ ਦੇ ਸੀਨੀਅਰ ਆਗੂ ਗੋਵਿੰਦ ਸਿੰਘ ਡੋਟਾਸਰਾ ਨੇ ਦੋਸ਼ ਲਾਇਆ ਕਿ ਕਟਾਰੀਆ ਨੇ ਮਹਾਰਾਣਾ ਪ੍ਰਤਾਪ ਦਾ ਅਪਮਾਨ ਕੀਤਾ ਹੈ।

# ਜਲ੍ਹਿਆਂਵਾਲਾ ਬਾਗ਼ ਸਾਕੇ ਦੇ ਸ਼ਹੀਦਾਂ ਨੂੰ ਲਾਹੌਰ ਹਾਈਕੋਰਟ ਵਿੱਚ ਵੀ ਸ਼ਰਧਾਂਜਲੀ




ਲਾਹੌਰ, 14 ਅਪ੍ਰੈਲ (ਪੋਸਟ ਬਿਊਰੋ)- ਲਾਹੌਰ ਹਾਈਕੋਰਟ ਵਿੱਚ ਕੱਲ੍ਹ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਚੇਅਰਮੈਨ ਵਕੀਲ ਇਮਤਿਆਜ਼ ਰਾਸ਼ਿਦ ਕੁਰੈਸ਼ੀ ਦੀ ਅਗਵਾਈ ਹੇਠ ਜਲ੍ਹਿਆਂਵਾਲਾ ਬਾਗ਼ ਸਾਕੇ ਦਾ ਸ਼ਹੀਦੀ ਦਿਹਾੜਾ ਮਨਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸੰਸਥਾ ਦੇ ਕੁਰੈਸ਼ੀ ਨੇ ਉਕਤ ਕਤਲੇਆਮ ਲਈ ਬ੍ਰਿਟਿਸ਼ ਸਰਕਾਰ ਨੂੰ ਮੁਆਫ਼ੀ ਮੰਗਣ ਲਈ ਕਿਹਾ ਅਤੇ ਲੋਕਾਂ ਨੂੰ ਇਹ ਦਿਨ ਮਨਾਉਣ ਦੀ ਅਪੀਲ ਕੀਤੀ ਹੈ।

ਕੁਰੈਸ਼ੀ ਨੇ ਜਲ੍ਹਿਆਂਵਾਲਾ ਬਾਗ਼ ਦੀ ਘਟਨਾ ਨੂੰ ਬ੍ਰਿਟੇਨ ਦੇ ਚਿਹਰੇ ਉੱਤੇ ਬਦਨੁਮਾ ਦਾਗ਼ ਦੱਸਦਿਆਂ ਕਿਹਾ ਕਿ ਜਿਸ ਤਰ੍ਹਾਂ ਜਲਸੇ ਵਿੱਚ ਸ਼ਾਮਲ ਸੈਂਕੜੇ ਨਿਰਦੋਸ਼ ਲੋਕਾਂ ਉੱਤੇ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ, ਉਹ ਸ਼ਰਮਨਾਕ ਕਾਰਵਾਈ ਸੀ। ਇਸ ਮੌਕੇ ਹਾਜ਼ਰ ਵਕੀਲਾਂ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਲਈ ਬ੍ਰਿਟੇਨ ਨੂੰ ਭਾਰਤ ਤੇ ਪਾਕਿਸਤਾਨ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਦੇ ਇਲਾਵਾ ਉਨ੍ਹਾਂ ਪਾਕਿ-ਸਤਾਨ ਸਰਕਾਰ ਤੋਂ ਜਲ੍ਹਿਆਂਵਾਲਾ ਵਾਲਾ ਬਾਗ਼ ਸਾਕੇ ਨੂੰ ਸਮਰਪਿਤ ਡਾਕ ਟਿਕਟ ਜਾਰੀ ਕਰਨ ਤੇ ਪਾਕਿਸਤਾਨ ਦੇ ਲਾਹੌਰ, ਰਾਵਲਪਿੰਡੀ, ਫੈਸਲਾਬਾਦ, ਇਸਲਾਮਾਬਾਦ ਅਤੇ ਹੋਰ ਪ੍ਰਮੁੱਖ ਸ਼ਹਿਰ ਵਿੱਚ ਇੱਕ-ਇੱਕ ਸੜਕ ਦਾ ਨਾਂਅ ਜਲ੍ਹਿਆਂਵਾਲਾ ਵਾਲਾ ਬਾਗ਼ ਸਾਕੇ ਨਾਲ ਸਬੰਧਤ ਰੱਖਣ ਦੀ ਅਪੀਲ ਕੀਤੀ ਹੈ।

# ਬੱਚੀਆਂ ਨਾਲ ਬਲਾਤਕਾਰ ਪਿੱਛੋਂ ਵੀਡੀਓ ਬਣਾਉਣ ਵਾਲੇ ਮੌਲਵੀ ਸਣੇ ਦੋ ਕਾਬੂ



ਲਾਹੌਰ, 14 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਜ਼ਿਲ੍ਹਾ ਚਕਵਾਲ ਦੇ ਪਿੰਡ ਢੋਕੇ ਫੁਲਾਰੀ ਵਿੱਚ ਛੋਟੀਆਂ ਬੱਚੀਆਂ ਨਾਲ ਬਲਾਤਕਾਰ ਕਰ ਕੇ ਵੀਡੀਓ ਬਣਾਉਣ ਵਾਲੇ ਮਸਜਿਦ ਦੇ ਮੌਲਵੀ ਅਤੇ ਉਸ ਦੇ ਸਾਥੀ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਜਾਸਕਾਰ ਸੂਤਰਾਂ ਅਨੁਸਾਰ ਪਿੰਡ ਢੋਕੇ ਫੁਲਾਰੀ ਦੀ ਮਸਜਿਦ ਦਾ ਮੌਲਵੀ ਮੁਹੰਮਦ ਫਰੂਕੀ ਬੱਚਿਆਂ ਨੂੰ ਨਮਾਜ ਪੜ੍ਹਨ ਦੀ ਸਿੱਖਿਆ ਦਿੰਦਾ ਸੀ, ਜੋ ਤਿੰਨ ਸਾਲ ਤੋਂ ਇੱਥੇ ਸਿੱਖਿਆ ਪ੍ਰਾਪਤ ਕਰਦੀਆਂ 6 ਤੋਂ 12 ਸਾਲ ਦੀਆਂ ਬੱਚੀਆਂ ਨੂੰ ਕਮਰੇ ਦੀ ਸਫ਼ਾਈ ਕਰਨ ਲਈ ਬੁਲਾਉਂਦਾ ਅਤੇ ਬਲਾਤਕਾਰ ਕਰਦਾ ਰਿਹਾ। ਉਸ ਦਾ ਸਾਥੀ ਮੀਰਯਾਦਾ ਖਾਨ, ਜੋ ਉਸ ਦੇ ਕੋਲ ਹੀ ਰਹਿੰਦਾ ਸੀ, ਉਸ ਦੀ ਵੀਡੀਓ ਬਣਾਉਂਦਾ ਸੀ। ਇਹ ਕੰਮ ਬੀਤੇ ਤਿੰਨ ਸਾਲ ਤੋਂ ਚੱਲ ਰਿਹਾ ਸੀ ਅਤੇ ਵੱਡੀ ਗਿਣਤੀ ਵਿੱਚ ਬੱਚੀਆਂ ਮੌਲਵੀ ਦੀ ਹਵੱਸ ਦਾ ਸ਼ਿਕਾਰ ਹੋ ਚੁੱਕੀਆਂ ਸਨ। ਕੁਝ ਦਿਨ ਪਹਿਲਾਂ ਮੁਹੰਮਦ ਫਰੂਕੀ ਦਾ ਮਸਜਿਦ ਤੋਂ ਤਬਾਦਲਾ ਕਿਸੇ ਦੂਜੇ ਸ਼ਹਿਰ ਵਿੱਚ ਹੋ ਗਿਆ।ਮੀਰਯਾਦਾ ਖਾਨ ਨੇ ਆਪਣੇ ਮੋਬਾਈਲ ਦੀ ਵੀਡੀਓ ਪੁਲਸ ਨੂੰ ਸੌਂਪ ਕੇ ਖੁਦ ਨੂੰ ਬੇਕਸੂਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਉੱਤੇ ਤਮਨ ਪੁਲਸ ਨੇ ਮੁਹੰਮਦ ਫਰੂਕੀ ਨੂੰ ਜਾਂਚ ਦੇ ਲਈ ਬੁਲਾਇਆ ਤਾਂ ਇਹ ਗੱਲ ਨਿਕਲੀ ਕਿ ਵੀਡੀਓ ਬਣਾਉਣ ਵਾਲਾ ਮੀਰਯਾਦਾ ਖਾਨ ਵੀ ਇਸ ਸਾਰੇ ਸਕੈਂਡਲ ਵਿੱਚ ਬਰਾਬਰ ਦਾ ਦੋਸ਼ੀ ਹੈ। ਪੁਲਸ ਨੇ ਮੌਲਵੀ ਦਾ ਸ਼ਿਕਾਰ ਕੁਝ ਬੱਚੀਆਂ ਦੇ ਮਾਪਿਆਂ ਨੂੰ ਲੜਕੀਆਂ ਨੂੰ ਨਾਲ ਲੈ ਕੇ ਪੁਲਸ ਸਟੇਸ਼ਨ ਆਉਣ ਲਈ ਕਿਹਾ, ਤਾਂ ਕਿ ਵੀਡੀਓ ਤੋਂ ਪਤਾ ਲੱਗ ਸਕੇ ਕਿ ਵੀਡੀਓ ਉਨ੍ਹਾਂ ਦੀ ਹੈ, ਜਿਸ ਦੀ ਪੂਰੀ ਜਾਂਚ ਤੋਂ ਬਾਅਦ ਦੋਵਾਂ ਖ਼ਿਲਾਫ਼ ਕੇਸ ਦਰਜ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ।

# ਬੱਚਿਆਂ ਤੋਂ ਵੀ ਘੱਟ ਖੁਰਾਕ ਹੈ ਡਾਈਟਿੰਗ ਕਰਨ ਵਾਲਿਆਂ ਦੀ

ਲੰਡਨ, 14 ਅਪ੍ਰੈਲ (ਪੋਸਟ ਬਿਊਰੋ)- ਬਹੁਤੇ ਲੋਕ ਜਲਦੀ ਭਾਰ ਘਟਾਉਣ ਦੀ ਚਾਹਤ ਵਿੱਚਡਾਈਟਿੰਗ ਦਾ ਸਹਾਰਾ ਲੈਂਦੇ ਹਨ, ਪਰ ਤਾਜ਼ਾ ਅਧਿਐਨ ਮੁਤਾਬਕ ਇਸ ਦੌਰਾਨ ਉਹ ਲੋਕ ਲੋੜ ਮੁਤਾਬਕ ਭੋਜਨ ਨਹੀਂ ਲੈਂਦੇ। ਭਾਰ ਘਟਾਉਣ ਦੇ ਚੱਕਰ ਵਿੱਚ ਡਾਈਟਿੰਗ ਉੱਤੇ ਰਹਿਣ ਵਾਲੀਆਂ 92 ਫੀਸਦੀ ਔਰਤਾਂ ਅਤੇ 35 ਫੀਸਦੀ ਮਰਦ ਇਕ ਸੱਤ ਸਾਲ ਦੇ ਬੱਚੇ ਦੀ ਲੋੜ ਤੋਂ ਵੀ ਘੱਟ ਕੈਲੋਰੀ ਦਾ ਅਨਾਜ ਲੈਂਦੇ ਵੇਖੇ ਗਏ ਹਨ। ਬ੍ਰਿਟੇਨ ਦੀ ਇੱਕ ਨਿਊਟ੍ਰੀਸ਼ਨ ਬ੍ਰਾਂਡ 'ਫੀਲ' ਨੇ 2,644 ਬ੍ਰਿਟਿਸ਼ ਬਾਲਗਾਂ ਉੱਤੇ ਸਰਵੇ ਕੀਤਾ ਤਾਂ ਇਸ ਵਿੱਚੋਂ ਲੱਗਭਗ 80 ਫੀਸਦੀ ਲੋਕਾਂ ਨੇ ਕਿਹਾ ਕਿ ਉਹ 17 ਮਈ ਤੋਂ ਪਹਿਲਾਂ ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਸਮੇਂ ਸਮਾਜਿਕ ਦੂਰੀ ਨਾਲ ਸਬੰਧਤ ਨਿਯਮਾਂ ਵਿੱਚ ਥੋੜ੍ਹੀ ਢਿੱਲ ਦਿੱਤੀ ਜਾਏਗੀ। ਸਰਵੇ ਦੇ ਨਤੀਜਿਆਂ ਨੇ ਲੋਕਾਂ ਵਿਚਾਲੇ ਕ੍ਰੈਸ਼ ਡਾਈਟਿੰਗ ਦੇ ਵੱਧਦੇ ਪ੍ਰਸਾਰ ਨੂੰ ਪੇਸ਼ ਕੀਤਾ ਹੈ, ਜਿਸ ਵਿੱਚ ਲੋਕ ਨੌਜਵਾਨ ਲੜਕੀ/ਲੜਕੇ ਲਈ ਜ਼ਰੂਰੀ 1530/1649 ਰੋਜ਼ਾਨਾ ਕੈਲੋਰੀ ਤੋਂ ਘੱਟ ਵਰਤ ਰਹੇ ਹਨ। ਪਤਾ ਲੱਗਾ ਕਿ 42 ਫੀਸਦੀ ਡਾਈਟਿੰਗ ਕਰਨ ਵਾਲੀਆਂ ਔਰਤਾਂ ਰੋਜ਼ਾਨਾ ਆਧਾਰ ਉੱਤੇ 1200 ਕੈਲੋਰੀ ਤੋਂ ਵੀ ਘੱਟ ਦਾ ਸੇਵਨ ਕਰਕੇ ਖੁਦ ਨੂੰ ਗੰਭੀਰ ਜ਼ੋਖਮ ਵਿੱਚ ਪਾ ਰਹੀਆਂ ਹਨ।

ਨੈਸ਼ਨਲ ਹੈੱਲਥ ਸਰਵਿਸ ਸਿਹਤ ਦੀ ਸੰਭਾਲ ਲਈ ਔਰਤਾਂ ਲਈ ਇੱਕ ਦਿਨ ਵਿੱਚ 2000 ਕੈਲੋਰੀ ਤੇ ਮਰਦਾਂ ਲਈ 2500 ਰੋਜ਼ਾਨਾ ਕੈਲੋਰੀ ਦੀ ਸਿਫ਼ਾਰਸ਼ ਕਰਦਾ ਹੈ। ਸਰਵੇ ਵਿੱਚ 18-25 ਦੀ ਉਮਰ ਦੇ ਬਾਲਗਾਂ ਵਿੱਚ ਕਿਸੇ ਹੋਰ ਉਮਰ ਵਰਗ ਦੇ ਮੁਕਾਬਲੇ ਘੱਟ ਕੈਲੋਰੀ ਦਾ ਸੇਵਨ ਕਰਨ ਦੀ ਸੰਭਾਵਨਾ ਸਭ ਤੋਂ ਵੱਧ ਦੇਖੀ ਗਈ। ਖੋਜਕਾਰਾਂ ਨੇ ਕਿਹਾ ਕਿ ਇੱਕ ਆਦਰਸ਼ ਕੈਲੋਰੀ ਦੀ ਖਪਤ ਉਮਰ, ਮੋਟਾਬਾਲਿਜ਼ਮ ਅਤੇ ਸਰੀਰਕ ਸਰਗਰਮੀਆਂ ਉੱਤੇ ਨਿਰਭਰ ਹੁੰਦੀ ਹੈ। ਆਮਤੌਰ ਉੱਤੇ ਔਰਤਾਂ ਲਈ ਦੈਨਿਕ 2000 ਕੈਲੋਰੀ ਅਤੇ ਮਰਦਾਂ ਲਈ 2500 ਕੈਲੋਰੀ ਦੀ ਲੋੜ ਹੁੰਦੀ ਹੈ।




# ਬਿਸਕੁਟ ਖਾਣ ਨਾਲ ਅਮਰੀਕੀ ਮਾਡਲ ਕੁੜੀ ਦਾ ਬ੍ਰੇਨ ਡੈਮੇਜ

ਵਾਸ਼ਿੰਗਟਨ, 14 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੀ ਮਾਡਲ ਅਤੇ ਐਕਟਰੈੱਸ ਸ਼ਾਂਟੇਲ ਗਿਆਕੇ-ਲੋਨ ਦਾ ਪੀ-ਨਟ ਬਚਰ ਬਿਸਕੁਟ ਖਾਣ ਨਾਲ ਬ੍ਰੇਨ ਡੈਮੇਜ ਹੋ ਗਿਆ ਹੈ। ਲਾਸ ਵੇਗਾਸ ਦੀ ਅਦਾਲਤ ਨੇ ਉਸਦੇ ਮੈਡੀਕਲ ਖਰਚੇ ਅਤੇ ਮਾਨਸਿਕ ਭਾਵਨਾਤਮਕ ਪ੍ਰੇਸ਼ਾਨੀਆਂ ਦਾ ਧਿਆਨਰੱਖਦੇ ਹੋਏ ਉਨ੍ਹਾਂ ਦੇ ਪਰਵਾਰ ਨੂੰ 29.5 ਮਿਲੀਅਨ ਡਾਲਰਦੇਣ ਦਾ ਹੁਕਮ ਦਿੱਤਾ ਹੈ ਅਤੇ ਇਸ ਕੇਸ ਨਾਲ ਕਈ ਲੋਕ ਚਿੰਤਾ ਵਿੱਚ ਹਨ।

ਸਾਲ 2013 ਵਿੱਚ ਸ਼ਾਂਟੇਲ ਲਾਸ ਵੇਗਾਸ ਵਿੱਚ ਮੈਜਿਕ ਫੈਸ਼ਨ ਟਰੇਡ ਸ਼ੋਅ ਵਿੱਚ ਮਾਡਲਿੰਗ ਕਰ ਰਹੀ ਸੀ ਤਾਂ ਇਸ ਦੌਰਾਨ ਉਨ੍ਹਾਂ ਦੀ ਦੋਸਤ ਤਾਰਾ ਨੇ ਉਨ੍ਹਾਂ ਨੂੰ ਦਹੀ ਵਰਗਾ ਟੇਸਟ ਕਰਾਉਣ ਵਾਲਾ ਯੋਗਰਟ ਅਤੇ ਪ੍ਰੇਟਜੈਲ ਦਿੱਤਾ ਸੀ। ਪ੍ਰੇਟਜੈਲ ਇੱਕ ਤਰ੍ਹਾਂ ਦਾ ਬਿਸਕੁਟ ਹੁੰਦਾ ਹੈ ਤੇ ਇਸ ਵਿੱਚ ਪੀ-ਨਟ ਬਟਰ ਵੀ ਸੀ। ਸ਼ਾਂਟੇਨ ਨੂੰ ਪੀ-ਨਟ ਬਟਰ ਤੋਂ ਐਲਰਜੀ ਸੀ, ਪਰ ਉਸ ਨੂੰ ਪਤਾ ਨਹੀਂ ਸੀ ਕਿ ਇਸ ਬਿਸਕੁਟ ਵਿੱਚ ਪੀ-ਨਟ ਬਟਰ ਹੈ ਤੇ ਨਾ ਉਸ ਦੇ ਦੋਸਤ ਨੂੰ ਇਸ ਗੱਲ ਦਾ ਪਤਾ ਸੀ ਕਿ ਪੀ-ਨਟ ਬਟਰ ਤੋਂ ਉਸ ਨੂੰ ਐਲਰਜੀ ਹੈ। ਸ਼ਾਂਟੇਨ ਇਸ ਨੂੰ ਖਾਣ ਪਿੱਛੋਂ ਐਨਾਫਾਇਲੈਕਟਿਕ ਸ਼ਾਕ ਵਿੱਚ ਚਲੀ ਗਈ। ਇਸ ਨਾਲ ਉਸ ਨੂੰ ਬੋਲਣ ਤੇ ਤੁਰਨ-ਫਿਰਨ ਦੀ ਸਮੱਸਿਆ ਆ ਗਈ।ਇਹ ਸਥਿਤੀ ਓਦੋਂ ਪੈਦਾ ਹੁੰਦੀ ਹੈ, ਜਦੋਂ ਕਿਸੇ ਇਨਸਾਨ ਨੂੰ ਐਲਰਜੀ ਦਾ ਰਿਐਕਸ਼ਨ ਹੋ ਜਾਂਦਾ ਹੈ। ਇਹ ਬਹੁਤ ਦੁਰਲੱਭ ਹੁੰਦਾ ਹੈ, ਪਰ ਜੇ ਇਸਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਹੋ ਸਕਦਾ ਹੈ। ਇਹ ਆਮਤੌਰ ਉੱਤੇ ਫੂਡ ਐਲਰਜੀ ਅਤੇ ਕੀੜੇ-ਮਕੌੜੇ ਦੇ ਕੱਟਣ ਨਾਲ ਹੁੰਦਾ ਹੈ। ਇਸ ਸ਼ਾਕ ਦੀ ਸਥਿਤੀ ਵਿੱਚ ਐਪੀਨੇਫ੍ਰਾਈਨ ਨਾਂ ਦਾ ਡਰੱਗ ਦਿੱਤਾ ਜਾਂਦਾ ਹੈ। ਇਸ ਡਰੱਗ ਨੂੰ ਤੁਰੰਤ ਨਾ ਦਿੱਤਾ ਜਾਵੇ ਤਾਂ ਹਾਲਾਤ ਬੇਹੱਦ ਗੰਭੀਰ ਹੋ ਸਕਦੇ ਹਨ।

# ਲਾਹੌਰ ਪੁਲਸ ਤੇ ਕੱਟੜਪੰਥੀਆਂ ਵਿਚਾਲੇ ਝੜਪਾਂ ਵਿੱਚ ਤਿੰਨ ਹਲਾਕ



ਲਾਹੌਰ, 14 ਅਪ੍ਰੈਲ (ਪੋਸਟ ਬਿਊਰੋ)- ਉਚ ਅਧਿਕਾਰੀਆਂ ਵੱਲੋਂ ਦਿੱਤੀ ਜਾਣਕਾਰੀ ਅਤੇ ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਪਾਕਿ-ਸਤਾਨ ਦੇ ਲਾਹੌਰ ਸ਼ਹਿਰ ਵਿੱਚ ਮੁਸਲਿਮ ਕੱਟੜਪੰਥੀਆਂ ਦੀ ਪਾਰਟੀ ਦੇ ਮੁਖੀ ਦੀ ਗ੍ਰਿਫਤਾਰੀ ਮਗਰੋਂ ਕੱਲ੍ਹ ਹੋਈਆਂ ਹਿੰਸਕ ਝੜਪਾਂ ਦੌਰਾਨ ਦੋ ਪ੍ਰਦਰਸ਼ਨਕਾਰੀਆਂ ਤੇ ਇੱਕ ਪੁਲਸ ਵਾਲੇ ਦੀ ਮੌਤ ਹੋ ਗਈ ਹੈ।

ਉਚ ਅਧਿਕਾਰੀ ਗੁਲਾਮ ਮੁਹੰਮਦ ਡੋਗਰ ਨੇ ਦੱਸਿਆ ਕਿ ਤਹਿਰੀਕ-ਏ-ਲਬੈਕ ਪਾਕਿਸਤਾਨ ਦੇ ਪ੍ਰਮੁੱਖ ਸਾਦ ਰਿਜ਼ਵੀ ਨੂੰ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਮਗਰੋਂ ਉਸ ਦੇ ਸਮਰਥਕਾਂ ਦੇ ਨਾਲ ਰਾਤ ਨੂੰ ਹੋਈ ਝੜਪ ਦੌਰਾਨ ਇੱਕ ਪੁਲਸ ਵਾਲੇ ਦੀ ਮੌਤ ਹੋ ਗਈ ਹੈ।ਉਨ੍ਹਾਂ ਦੱਸਿਆ ਕਿ ਲਾਹੌਰ ਨੇੜੇ ਸ਼ਹਾਦਰਾ ਕਸਬੇ ਵਿੱਚ ਝੜਪਾਂ ਦੌਰਾਨ 10 ਪੁਲਸੀਏ ਵੀ ਜ਼ਖਮੀ ਹੋਏ ਅਤੇ ਪੰਜਾਬ ਸੂਬੇ ਵਿੱਚ ਦੋ ਮੁਸਲਿਮ ਕੱਟੜਪੰਥੀ ਵੀ ਮਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਰਿਜ਼ਵੀ ਨੇ ਧਮਕੀ ਦਿੱਤੀ ਸੀ ਕਿ ਸਰਕਾਰ ਪੈਗੰਬਰ ਮੁਹੰਮਦ ਦਾ ਚਿੱਤਰ ਛਾਪਣ'ਤੇ ਫਰਾਂਸ ਸਰਕਾਰ ਦੇ ਰਾਜਦੂਤ ਨੂੰ ਬਾਹਰ ਕੱਢੇ, ਨਹੀਂ ਤਾਂ ਰੋਸ ਪ੍ਰਦਰਸ਼ਨ ਸ਼ੁਰੂ ਕੀਤੇ ਜਾਣਗੇ, ਜਿਸ ਮਗਰੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਸੋਮਵਾਰ ਨੂੰ ਹਿੰਸਾ ਸ਼ੁਰੂ ਹੋ ਗਈ ਸੀ।

## ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

## ਕਾਮਿਆਂ ਦੀ ਲੋੜ
ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ
6472055909, 9057897783

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਜੌਬਸ: ਫਾਰਮ ਵਿਚ ਕੰਮ ਕਰਨ ਲਈ ਬਰੈਪਟਨ ਅਤੇ ਮਿਸੀਸਾਗਾ ਦੇ ਏਰੀਆ ਤੋਂ ਮਰਦਾਂ ਅਤੇ ਔਰਤਾਂ ਦੀ ਜਰੂਰਤ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ।
ਸੁਖਦੀਪ ਗਿੱਲ : 647-949-2904


# CLASSIFIEDS


ਕੈਨੇਡੀਅਨ ਪੰਜਾਬੀ ਪੋਸਟ
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Laminate, Plumbing, Hardwood Floor, Painting
A-1 RENOVATION GTA INC.
22 Listcreek Road, Brampton L6p 2n6


You can (905)793-2202
Place Your Business Here
To Reach Wider Audience

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 416-822-2590
Ants, Wasp, Centepede, Fleas, Bed Bugs


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2'', 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654



UPPAL LAW
AVTAR UPPAL
Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters


AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

